# ਜ਼ਰਦ ਰੰਗਾਂ ਦਾ ਮੌਸਮ

(ਕਾਵਿ-ਸੰਗ੍ਰਹਿ)

**ਲੇਖਿਕਾ ਦੀਆਂ ਹੋਰ ਪੁਸਤਕਾਂ**

| | | | |
|---|---|---|---|
| 1. | ਭਲਾ ਮੈਂ ਕੌਣ | (ਨਾਟ-ਸੰਗ੍ਰਹਿ) | (2009) |
| 2. | ਮਖੌਟਿਆਂ ਦੇ ਆਰ ਪਾਰ | (ਕਾਵਿ-ਸੰਗ੍ਰਹਿ) | (2010) |
| 3. | ਬਲ਼ਦੇ ਬਿਰਖ਼ | (ਨਾਟ-ਸੰਗ੍ਰਹਿ) | (2011) |
| 4. | ਤਵਾਰੀਖ਼ ਬੋਲਦੀ ਹੈ ਤੇ ਹੋਰ ਨਾਟਕ | (ਨਾਟ ਸੰਗ੍ਰਹਿ) | (2016) |
| 5. | ਲਹਿਰਾਂ ਦੀ ਵੇਦਨਾ | (ਕਾਵਿ-ਸੰਗ੍ਰਹਿ) | (2016) |

# ਜ਼ਰਦ ਰੰਗਾਂ ਦਾ ਮੌਸਮ

(ਕਾਵਿ-ਸੰਗ੍ਰਹਿ)

ਪਰਮਿੰਦਰ ਕੌਰ ਸਵੈਚ

ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

# Zard Rangaan Da Mausam
(Poetry)

By
**Parminder Kaur Swaich**
Address :- 14070 King Road
Surrey B. C., V3R 0M1
Canada
pswaich@hotmail.com
Phone No. 604 760 4794

**ISBN: 978-81-968905-5-1**

**Edition: 2024**

© Author

Published by
**Saptrishi Publication**
Plot No. 25/6, Industrial Area, Phase-2,
Near Tribune Chowk, Chandigarh.
E-mail-: sapatrishi94@gmail.com
**Visit us at : www.saptrishipublication.com**
94638-36591, 77174-65715
*All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher and Author.*
**Printed at Saptrishi Printers Chandigarh 94638-36591**

## ਸਮਰਪਣ

**ਜ਼ਰਦ ਚਿਹਰਿਆਂ ਤੋਂ ਪਲੱਤਣ ਸਾਫ਼**
**ਕਰਕੇ ਸੂਹਾ ਰੰਗ**
**ਦੇਣ ਵਾਲੇ ਸੰਘਰਸ਼ਸ਼ੀਲ**
**ਲੋਕਾਂ ਦੇ ਨਾਂ**

# ਤਰਤੀਬ


❖ ਜ਼ਰਦ ਮੌਸਮਾਂ ਦੀ ਹੂਕ ਦੀ ਕਵਿਤਾ 9

**ਡਾ. ਕੰਵਲਜੀਤ ਕੌਰ ਢਿੱਲੋਂ**

❖ ਜ਼ਰਦ ਰੰਗਾਂ ਦੇ ਰੂ-ਬ-ਰੂ 15

**ਨਿਰਮਲ ਸਿੰਘ ਕਿੰਗਰਾ**

❖ ਮੇਰੇ ਆਪਣੇ ਵੱਲੋਂ ਕੁਝ ਸ਼ਬਦ 19

**ਪਰਮਿੰਦਰ ਕੌਰ ਸਵੈਚ**

- ਸਵੈ ਦੀ ਸ਼ਨਾਖ਼ਤ 23
- ਕੌਣ ਹਨ ਇਹ ਔਰਤਾਂ ? 26
- ਜੇਕਰ ਅਸੀਂ ਉੱਠੇ ਨਹੀਂ ਤਾਂ- 29
- ਪਹੁ-ਫੁਟਾਲਾ 32
- ਜ਼ਰਦ ਰੰਗ 33
- ਮੈਂ ਇੱਕ ਨਰਸ ਹਾਂ 35
- ਬਦਲਦਾ ਮੁਹਾਂਦਰਾਂ 37
- ਚਲਦੀ ਫਿਰਦੀ ਲਾਸ਼ 39
- ਜੜ੍ਹਾਂ 42
- ਲਹਿਰਾਂ ਬਣ ਕੇ ਆ ਗਏ ਲੋਕ 45
- ਮੈਂ ਤੇ ਮੇਰੀ ਕਵਿਤਾ 47
- ਮਾਸੂਮ 49
- ਬਹਾਰਾਂ ਦੇ ਮੌਸਮ ਵਿੱਚ 50
- ਦੇਵੀ ਨਹੀਂ ਮੈਂ ਔਰਤ ਹਾਂ 51
- ਓਟ ਆਸਰਾ 53
- ਸਮੇਂ ਦੀ ਕਰਵਟ 56
- ਹਕੂਮਤਾਂ 58
- ਸ਼ਾਂਤੀ ਦਾ ਯੁੱਧ 59
- ਚੁੱਪ ਦੀ ਮੌਤ 61

- ਸ਼ੋਸ਼ਿਆਂ ਦੀ ਬਰਸਾਤ 63
- ਜ਼ਿੰਦਗੀ ਦਾ ਸੂਰਜ 65
- ਕਰਮ ਭੂਮੀ (ਕੈਨੇਡਾ) 67
- ਛੱਡ ਦੇ ਗਿਲ੍ਹਾ 70
- ਸ਼ਬਦਾਂ ਦੀ ਰਾਜਨੀਤੀ 71
- ਸਵੈ-ਚਿੰਤਨ 73
- ਸੰਘਰਸ਼ੀ ਯੋਧਿਆਂ ਦੇ ਨਾਂ 75
- ਵੱਡੀ ਦੁਕਾਨ 78
- ਡਰ 80
- ਕੁਦਰਤ ਦੇ ਰੰਗਾਂ ਵਿੱਚ ਸਰ੍ਹੀ 82
- ਸਾਡੀ ਦੋਸਤੀ ਦੇ ਨਾਂ 83
- ਸ਼ਾਸਕ ਦਾ ਸੱਚ 85
- ਪਾਰਲੇ ਪਾਰ ਦਾ ਸ਼ਰੀਕ 88
- ਵਾਦ-ਵਿਵਾਦ 90
- ਚਿੱਪਰਾਂ 91
- ਫ਼ਲਸਤੀਨ ਦੀ ਪੁਕਾਰ 92
- ਨਜ਼ਮ 96
- ਬੇਘਰੇ ਝੁੱਗੀਆਂ ਵਾਲੇ 97
- ਸਾਂਝੇ ਸੰਕਲਪ ਦੀ ਮੌਤ 99
- ਪਲੇਠੀ ਧੀ ਜਾਸਮਿਨ ਦੇ ਨਾਂ 101
- ਸਵੈ... 103
- ਲੁਕਣਮੀਟੀ 104
- ਪੱਥਰ/ਜ਼ਿੰਦਗੀ 106
- ਕੀ ਗਿਲ੍ਹਾ ਹੈ ਓਸ ਤੇ- 108
- ਸਮਾਜੀ ਅਕਸ 109
- ਕੰਨ ਪਾੜਵਾਂ ਹੋਕਾ 111
- ਰੰਗਲਾ ਮਹਿਲ 112
- ਅੱਜ ਇਕੱਲਾ ਨਹੀਂ ਹੈ ਉਹ 113
- ਆਸਿਫ਼ਾ ਦੇ ਨਾਂ 114

- ਦੁੱਧ ਦੀ ਲਾਜ 116
- ਘੁੰਗਰੂਆਂ ਵਾਲ਼ੀ ਤੜਾਗੀ 118
- ਕਿੰਨੀ ਕੁ ਔਰਤ 120
- ਇਤਿਹਾਸ ਦੀ ਇਬਾਰਤ 122
- ਖ਼ਤਰਾ 124
- ਮੈਂ ਬਿਹਬਲ ਨਹੀਂ ਹਾਂ 125
- ਅਸੀਂ 127
- ਪੀੜਾ ਦਾ ਅਹਿਸਾਸ 128
- ਮੋਹ-ਭਿੱਜੀ ਫੁਲਕਾਰੀ 131

# ਜ਼ਰਦ ਮੌਸਮਾਂ ਦੀ ਹੂਕ ਦੀ ਕਵਿਤਾ

ਪਰਮਿੰਦਰ ਸਵੈਚ ਦੀ ਕਵਿਤਾ ਸਮਾਜ ਵਿੱਚ ਹੱਕ ਅਤੇ ਇਨਸਾਫ਼ ਲਈ ਲੜੀ ਜਾ ਰਹੀ ਲੜਾਈ ਅਤੇ ਸੰਘਰਸ਼ ਨੂੰ ਪੇਸ਼ ਕਰਦੀ ਹੈ। ਇਹ ਕਵਿਤਾ ਜ਼ਰਦ ਮੌਸਮਾਂ ਵਿੱਚ ਲੋਕ ਮਨਾਂ ਵਿੱਚ ਬਸੰਤ ਰੁੱਤ ਦੇ ਆਉਣ ਦਾ ਅਹਿਸਾਸ ਜਗਾਉਂਦੀ ਕਵਿਤਾ ਹੈ। ਇਹ ਕਵਿਤਾ ਹਨ੍ਹੇਰਿਆਂ ਵਿੱਚ ਜੁਗਨੂੰਆਂ ਵਾਂਗ ਟਿਮਟਿਮਾਉਂਦੀ, ਸੰਘਰਸ਼ ਕਰ ਰਹੇ ਲੋਕਾਂ ਵਿੱਚ ਸੂਰਜੀ ਤਪਸ਼ ਨੂੰ ਸੀਨਿਆਂ ਵਿੱਚ ਭਰਦੀ ਹੋਈ ਸੂਰਜੀ ਲੋਅ ਦਾ ਪ੍ਰਕਾਸ਼ ਵੀ ਬਣਦੀ ਹੈ ।

ਕੈਨੇਡਾ ਵਸਦੀ ਪਰਮਿੰਦਰ ਪੰਜਾਬ ਤੋਂ ਪਾਰ ਅੰਤਰਰਾਸ਼ਟਰੀ ਮਸਲਿਆਂ ਨੂੰ ਮੁਖਾਤਿਬ ਹੁੰਦੀ ਹੈ। ਉਸ ਦੀ ਕਵਿਤਾ ਵਿੱਚ ਪੇਸ਼ ਦ੍ਰਿਸ਼ਟੀ ਨਿਤਾਣਿਆਂ ਦੇ ਹੱਕ ਵਿੱਚ ਲੜੇ ਜਾ ਰਹੇ ਸੰਗਰਾਮ ਵਿੱਚ ਉੱਠ ਖੜ੍ਹੇ ਹੋਣ ਦਾ ਹੋਕਾ ਦਿੰਦੀ ਹੈ। ਉਸ ਦੀ ਕਵਿਤਾ ਦੇ ਵਿਸ਼ੇ ਇਨਸਾਨੀ ਆਜ਼ਾਦੀ ਦੇ ਹੱਕ ਵਿੱਚ ਅਤੇ ਨਾ-ਬਰਾਬਰੀ ਦੇ ਖਾਤਮੇ ਲਈ ਸੰਘਰਸ਼ ਕਰ ਰਹੇ ਲੋਕ ਹਨ। ਉਹਨਾਂ ਦੀ ਕਰਮ ਭੂਮੀ ਸੰਸਾਰ ਦਾ ਕੋਈ ਵੀ ਭੂਗੋਲਿਕ ਭੂ-ਖੰਡ ਹੋ ਸਕਦਾ ਹੈ। ਉਹ ਇੱਕੋ ਵੇਲ਼ੇ ਸੜਕ ਉੱਤੇ ਵੀ ਅਵਾਜ਼ ਬੁਲੰਦ ਕਰਦੀ ਹੈ ਅਤੇ ਕਲਮ ਰਾਹੀਂ ਇਨਸਾਨੀ ਹੱਕਾਂ ਦੀ ਲੜਾਈ ਨੂੰ ਸ਼ਬਦਾਂ ਦਾ ਜਾਮਾ ਵੀ ਪਹਿਨਾਉਂਦੀ ਹੈ। ਉਸਦਾ ਪੂਰਨ ਵਿਸ਼ਵਾਸ ਹੈ ਕਿ 'ਪਹੁ ਤਾਂ ਫੁੱਟਣੀ ਹੀ ਹੈ...'।

ਪਰਮਿੰਦਰ ਆਪ ਕਾਮਾ ਲੇਖਿਕਾ ਹੈ। ਉਹ ਕੈਨੇਡਾ ਵਿੱਚ ਪਿਛਲੇ ਤਿੰਨ ਦਹਾਕਿਆਂ ਤੋਂ ਰਹਿ ਰਹੀ ਹੈ, ਪਰ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਮਨੁੱਖੀ ਹੱਕਾਂ ਦਾ ਘਾਣ ਹੋ ਰਿਹਾ ਹੋਵੇ ਤਾਂ ਉਸਦਾ ਹਿਰਦਾ ਵਲੂੰਧਰਿਆ ਜਾਂਦਾ ਹੈ ਅਤੇ ਕਵਿਤਾ, ਨਾਟਕ, ਕਹਾਣੀ, ਵਾਰਤਕ ਅਤੇ ਨਿਬੰਧ ਦਾ ਰੂਪ ਲੈ ਲੈਂਦਾ ਹੈ। ਲਿਖਣਾ ਉਸ ਲਈ ਸਾਹ ਲੈਣ ਵਾਂਗ ਹੈ ਅਤੇ ਨਿਤਾਣਿਆਂ ਦੇ ਹੱਕ ਵਿੱਚ ਸੜਕ ਉੱਤੇ ਖੜ੍ਹਨਾ ਸਮਾਜੀ ਫਰਜ਼ ਬਣ ਜਾਂਦਾ ਹੈ। ਪਰਮਿੰਦਰ ਇਹ ਚੰਗੀ ਤਰ੍ਹਾਂ ਸਮਝਦੀ ਹੈ ਕਿ ਸਮਾਜ ਵਿੱਚ, ਲੋਕਾਂ ਦੀਆਂ ਜ਼ਿੰਦਗੀਆਂ ਵਿੱਚ ਕੌਣ ਜ਼ਰਦ ਰੰਗ ਭਰਦਾ ਹੈ ਤੇ ਕੌਣ ਲੋਕਾਂ ਨੂੰ ਨਿਸੱਤੇ ਬਣਾਉਂਦਾ ਹੈ। ਇਸ ਕਰਕੇ ਉਹ ਪੂੰਜੀਵਾਦੀ ਅਤੇ ਕਾਰਪੋਰੇਟੀ ਵਰਤਾਰਿਆਂ ਦੀਆਂ ਨੀਤੀਆਂ ਨੂੰ ਆਪਣੀ ਕਵਿਤਾ ਵਿੱਚ ਨੰਗਾ ਕਰਦੀ ਹੈ। ਉਹਨਾਂ ਦੀਆਂ ਦੋਗਲੀਆਂ ਚਾਲਾਂ ਦੀ ਤਹਿ ਹੇਠ ਪਈਆਂ ਬਾਰੀਕ ਰਮਜ਼ਾਂ ਨੂੰ ਕਾਵਿਕ ਅੰਦਾਜ਼ ਵਿੱਚ ਪੇਸ਼ ਕਰਦੀ ਹੈ। ਉਸਦੀ ਪ੍ਰਤੀਬੱਧਤਾ ਲੁੱਟੇ ਤੇ ਲਿਤਾੜੇ ਜਾ ਰਹੇ ਲੋਕਾਂ ਨਾਲ਼ ਹੈ। ਸਮਾਜਿਕ ਤੇ ਆਰਥਿਕ ਬਰਾਬਰੀ ਲਈ ਲੜੀ ਜਾ ਰਹੀ ਜੰਗ ਵਿੱਚ ਉਹ ਕਲਮ ਨੂੰ ਹਥਿਆਰ ਬਣਾਉਂਦੀ ਹੈ। ਪੰਜਾਬੀ ਲੇਖਿਕਾਵਾਂ ਬਾਰੇ ਆਮ ਹੀ ਕਿਹਾ ਜਾਂਦਾ ਹੈ ਕਿ ਉਹ ਕੇਵਲ ਸਵੈ-ਕੇਂਦਰਿਤ ਕਵਿਤਾਵਾਂ ਲਿਖਦੀਆਂ ਹਨ। ਉਹਨਾਂ ਦੀਆਂ ਜ਼ਿਆਦਾ ਕਵਿਤਾਵਾਂ ਨਿੱਜੀ ਪੀੜ ਦੀ ਗੱਲ ਕਰਦੀਆਂ ਹਨ। ਉਹਨਾਂ ਦੀਆਂ ਸਿਰਜਨਾਵਾਂ

ਵਿੱਚ ਰਾਜਨੀਤਕ ਪ੍ਰਵਚਨ ਗਾਇਬ ਹੁੰਦਾ ਹੈ। ਪਰਮਿੰਦਰ ਦੀ ਹੱਥਲੀ ਕਾਵਿ-ਪੁਸਤਕ "ਜ਼ਰਦ ਰੰਗਾਂ ਦਾ ਮੌਸਮ" ਇਸ ਇਲਜ਼ਾਮ ਨੂੰ ਰੱਦ ਕਰਦੀ ਹੈ। ਉਸਦਾ ਇਹ ਕਾਵਿ-ਸੰਗ੍ਰਹਿ ਪਿਛਲੇ ਸਮਿਆਂ ਵਿੱਚ ਸੰਸਾਰ ਪੱਧਰ ਉੱਤੇ ਹੋਈਆਂ ਬੇਇਨਸਾਫ਼ੀਆਂ ਦਾ ਇੱਕ ਰਾਜਨੀਤਕ ਪ੍ਰਵਚਨ ਹੈ।

ਪਰਮਿੰਦਰ ਬਹੁ-ਵਿਧਾਵੀ ਲੇਖਿਕਾ ਹੈ। ਉਸ ਨੇ ਕਵਿਤਾ, ਕਹਾਣੀ, ਨਾਟਕ ਤੇ ਨਿਬੰਧ ਲਿਖੇ ਹਨ। ਹੁਣ ਤੱਕ ਉਸਦੇ ਤਿੰਨ ਨਾਟਕ-ਸੰਗ੍ਰਹਿ 'ਭਲਾ ਮੈਂ ਕੌਣ' (2009), 'ਬਲ਼ਦੇ ਬਿਰਖ਼' (2011) ਤੇ 'ਤਵਾਰੀਖ਼ ਬੋਲਦੀ ਹੈ ਤੇ ਹੋਰ ਨਾਟਕ' (2016) ਪ੍ਰਕਾਸ਼ਿਤ ਹੋ ਚੁੱਕੇ ਹਨ। ਉਹ ਨਾਟਕ ਲੇਖਿਕਾ ਵੀ ਹੈ, ਨਿਰਦੇਸ਼ਕ ਵੀ ਤੇ ਅਦਾਕਾਰ ਵੀ। ਉਹ ਕੈਨੇਡਾ ਦੀ ਅਤਿ ਤੇਜ਼ ਰਫ਼ਤਾਰ ਗੁੰਝਲਦਾਰ ਜ਼ਿੰਦਗੀ ਵਿੱਚੋਂ ਸਮਾਂ ਕੱਢ ਕੇ ਪੰਜਾਬੀ ਰੰਗਮੰਚ ਨੂੰ ਜਿਉਂਦਾ ਰੱਖ ਰਹੀ ਹੈ। ਨਾਟਕ ਮੰਚਿਤ ਕਰਨਾ ਭਾਵੇਂ ਦੁਨੀਆ ਦੇ ਹਰ ਕੋਨੇ ਵਿੱਚ ਬਹੁਤ ਮਹਿੰਗਾ ਹੈ । ਇਉਂ ਕਹਿ ਲਵੋ ਕਿ ਘਰ ਫ਼ੂਕ ਤਮਾਸ਼ਾ ਦੇਖਣ ਵਾਲੀ ਗੱਲ ਹੈ, ਕੈਨੇਡਾ ਵਿੱਚ ਦੋ ਵੇਲ਼ੇ ਦੀ ਰੋਟੀ ਜੁਟਾਉਣੀ ਹੀ ਵੱਡਾ ਸੰਘਰਸ਼ ਹੈ। ਪਰ ਉਹ ਪ੍ਰਤੀਬੱਧ ਹੋਣ ਕਰਕੇ ਆਪਣੇ ਸੀਮਿਤ ਸਾਧਨਾਂ ਰਾਹੀਂ ਹਰ ਸਾਲ ਨਾਟਕ ਮੇਲੇ ਦਾ ਆਯੋਜਨ ਕਰਦੀ ਹੈ। ਉਸਦੇ ਨਾਟਕਾਂ ਦੇ ਵਿਸ਼ੇ ਵੀ ਕੈਨੇਡੀਅਨ ਭਾਈਚਾਰੇ ਦੇ ਸੰਕਟ ਨੂੰ ਅਧਾਰ ਬਣਾਉਂਦੇ ਹਨ। ਪਰਮਿੰਦਰ ਦੇ ਨਾਲ਼ ਜਿੱਥੇ ਹੋਰ ਸਾਥੀ ਵੀ ਰੰਗਮੰਚੀ ਪੇਸ਼ਕਾਰੀਆਂ ਵਿੱਚ ਸਹਿਯੋਗ ਦਿੰਦੇ ਹਨ, ਉੱਥੇ ਉਸਦਾ ਸਮੁੱਚਾ ਪਰਿਵਾਰ ਪੂਰਾ ਸਹਿਯੋਗ ਦਿੰਦਾ ਹੈ।

ਪਰਮਿੰਦਰ ਦੀ ਹੱਥਲੀ ਕਾਵਿ-ਪੁਸਤਕ "ਜ਼ਰਦ ਰੰਗਾਂ ਦਾ ਮੌਸਮ' ਤੋਂ ਪਹਿਲਾਂ ਦੋ ਕਾਵਿ-ਸੰਗ੍ਰਹਿ 'ਮਖੌਟਿਆਂ ਦੇ ਆਰ-ਪਾਰ' (2010) ਤੇ 'ਲਹਿਰਾਂ ਦੀ ਵੇਦਨਾ' (2016) ਵੀ ਛਪ ਚੁੱਕੇ ਹਨ। ਹੱਥਲਾ ਕਾਵਿ-ਸੰਗ੍ਰਹਿ 'ਜ਼ਰਦ ਰੰਗਾਂ ਦਾ ਮੌਸਮ' ਜਿੱਥੇ ਕੈਨੇਡਾ ਦੀ ਧਰਤੀ ਦੀ ਗੁੰਝਲਦਾਰ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਉੱਪਰ ਧਿਆਨ ਕੇਂਦਰਿਤ ਕਰਦਾ ਹੈ ਉੱਥੇ ਪੰਜਾਬੀ ਰਹਿਤਲ ਦੀਆਂ ਪੇਚੀਦਗੀਆਂ ਉੱਤੇ ਵੀ ਕਾਵਿਕ ਪ੍ਰਵਚਨ ਸਿਰਜਦਾ ਹੈ। ਇਸ ਕਾਵਿ-ਸੰਗ੍ਰਹਿ ਵਿਚਲੇ ਵਿਸ਼ੇ ਜਿੱਥੇ ਪੰਜਾਬੀ ਸਮਾਜ ਦੇ ਸਮਾਜਿਕ, ਆਰਥਿਕ ਤੇ ਸਭਿਆਚਾਰਕ ਸੰਕਟ ਨੂੰ ਪੇਸ਼ ਕਰਦੇ ਹਨ ਉੱਥੇ ਅਜੋਕੇ ਸਮਿਆਂ ਵਿੱਚ ਕਾਰਪੋਰੇਟੀ ਕਲਚਰ ਵਿੱਚ ਖਪਤ ਸਭਿਆਚਾਰ ਦੇ ਮੰਡੀ ਦੀ ਵਸਤ ਬਣੇ ਮਨੁੱਖ ਦੇ ਸੰਕਟ ਦੀ ਨਿਸ਼ਾਨਦੇਹੀ ਵੀ ਕਰਦੇ ਹਨ। ਪਰਮਿੰਦਰ ਇਸ ਕਾਵਿ-ਸੰਗ੍ਰਹਿ ਵਿੱਚ ਜਿੱਥੇ ਇਹਨਾਂ ਸੰਕਟਾਂ ਪਿੱਛੇ ਵਾਪਰਦੇ ਵਰਤਾਰਿਆਂ ਉੱਤੇ ਸੰਕੇਤ ਰੂਪ ਵਿੱਚ ਕਾਵਿ-ਪ੍ਰਵਚਨ ਸਿਰਜਦੀ ਹੈ। ਉੱਥੇ ਇਸ ਪਿੱਛੇ ਕੰਮ ਕਰਦੀ ਰਾਜਨੀਤੀ ਨੂੰ ਵੀ ਸੰਬੋਧਨ ਹੁੰਦੀ ਹੈ। ਇਹ ਇਸ ਕਰਕੇ ਸੰਭਵ ਹੈ ਕਿ ਉਹ ਜਾਗਰੂਕ ਲੇਖਕ ਹੈ। ਉਹ ਸਮਝਦੀ ਹੈ ਕਿ ਇਹ ਕਿਉਂ ਤੇ ਕਿਵੇਂ ਵਾਪਰਦਾ ਹੈ। ਉਸਨੇ ਸਮਾਜਕ ਪੱਧਰ ਉੱਤੇ ਵਾਪਰ ਰਹੀਆਂ ਘਟਨਾਵਾਂ ਨੂੰ ਬੜੀ ਮਹੀਨ ਨੀਝ ਨਾਲ ਕਾਵਿਕ ਪ੍ਰਵਚਨ ਰਾਹੀਂ ਸਮਾਜ ਦੇ ਸਨਮੁੱਖ ਕੀਤਾ ਹੈ।

ਉਸਦੀਆਂ ਕਵਿਤਾਵਾਂ ਦੇ ਵਿਸ਼ੇ ਸੰਸਾਰ-ਵਿਆਪੀ ਹਨ। ਪੰਜਾਬ ਨਾਲ ਉਹ ਭਾਵੁਕ ਪੱਧਰ ਉੱਤੇ ਜੁੜੀ ਹੋਈ ਹੈ। ਉਹ ਭਰ ਜਵਾਨੀ ਵਿੱਚ ਪੰਜਾਬ ਵਿੱਚੋਂ ਪਰਵਾਸ ਕਰਕੇ ਕੈਨੇਡਾ ਵਸ ਜਾਂਦੀ ਹੈ। ਪੰਜਾਬ ਵਿੱਚ ਏ. ਐੱਸ. ਕਾਲਜ ਖੰਨੇ ਵਿੱਚ ਪੜ੍ਹਾਈ ਦੌਰਾਨ ਉਹ ਵਿਦਿਆਰਥੀਆਂ ਦੀ ਸਿਰਕੱਢ ਆਗੂ ਰਹੀ ਹੈ। ਉਹ ਰੋਟੀ-ਰੋਜ਼ੀ ਲਈ ਕੈਨੇਡਾ ਦੀ ਧਰਤੀ ਨੂੰ ਅਪਣਾਉਂਦੀ ਹੈ। ਉਹ ਆਪਣੀ ਇੱਕ ਕਵਿਤਾ ਵਿੱਚ ਲਿਖਦੀ ਹੈ :-

ਮੇਰਾ ਇੱਥੇ ਵੱਸਣਾ ਮਹਿਜ਼ ਇਤਫ਼ਾਕ ਨਹੀਂ ਸੀ'
ਖਿੱਚ ਲਿਆਈਆਂ ਸਨ ਕੁੱਝ ਮਜਬੂਰ ਤੰਦਾਂ
ਭਵਿੱਖਤ ਸੁਪਨੇ, ਰੁਜ਼ਗਾਰ ਤੇ ਬਿਹਤਰ ਜ਼ਿੰਦਗੀ,
ਜਦੋਂ ਜੜ੍ਹੋਂ ਵਿਹੂਣੀ ਟੁੱਟਣ ਲੱਗੀ ਤਾਂ ਮੇਰੇ ਸ਼ਹਿਰ ਦੇ
ਬਹੁ-ਸਭਿਆਚਾਰ, ਬੇਸ਼-ਕੀਮਤੀ, ਬਹੁ-ਰੰਗੀ ਤੰਦਾਂ ਨੇ,
ਲਪੇਟ ਲਿਆ ਮੋਹ ਭਿੱਜੀ ਫੁਲਕਾਰੀ ਵਿੱਚ
ਤੇ ਮੈਂ ਸਦਾ ਲਈ ਇੱਥੋਂ ਦੀ ਹੋ ਗਈ।"

(ਮੋਹ ਭਿੱਜੀ ਫੁਲਕਾਰੀ)

ਇਸ ਕਾਵਿ ਸੰਗ੍ਰਹਿ ਵਿੱਚ ਕਈ ਕਵਿਤਾਵਾਂ ਸੰਸਾਰ ਵਿੱਚ ਸਦੀਆਂ ਤੋਂ ਰੰਗ ਭੇਦ ਦੇ ਅਧਾਰ ਉੱਤੇ ਹੁੰਦੇ ਵਿਤਕਰਿਆਂ ਬਾਰੇ ਦਰਜ ਹਨ। ਕੈਨੇਡਾ ਦੀ ਧਰਤੀ ਉੱਪਰ ਇੱਥੋਂ ਦੇ ਮੂਲ ਨਿਵਾਸੀਆਂ ਨਾਲ ਹੋਏ ਹਿੰਸਕ ਤੇ ਅਣਮਨੁੱਖੀ ਵਰਤਾਰਿਆਂ ਦੀ ਗੱਲ 'ਜੜ੍ਹਾਂ' ਨਾਮੀ ਕਵਿਤਾ ਵਿੱਚ ਬਿਆਨ ਕੀਤੀ ਹੈ। ਇਵੇਂ ਹੀ ਜਦੋਂ ਅਮਰੀਕਾ ਵਿੱਚ ਸਿਆਹ ਰੰਗ ਦੇ ਅਫ਼ਰੀਕਨ-ਅਮਰੀਕਨ ਨੂੰ ਉੱਥੋਂ ਦੀ ਪੁਲਿਸ ਵਲੋਂ ਹਿੰਸਕ ਤਰੀਕੇ ਨਾਲ ਮਾਰ ਦਿੱਤਾ ਜਾਂਦਾ ਹੈ ਤਾਂ ਪਰਮਿੰਦਰ ਨੇ 'ਚੁੱਪ ਦੀ ਮੌਤ' ਕਵਿਤਾ ਰਾਹੀਂ ਆਪਣੀ ਸੰਵੇਦਨਾ ਦਾ ਪ੍ਰਗਟਾਵਾ ਕੀਤਾ ਹੈ। ਉਸਨੇ ਕੈਨੇਡਾ ਦੀ ਧਰਤੀ ਉੱਪਰ ਕੁੱਝ ਲੋਕਾਂ ਵੱਲੋਂ ਐੱਲ. ਜੀ. ਬੀ. ਟੀ. ਕਿਊ. ਨਾਲ ਕੀਤੇ ਜਾਂਦੇ ਦੁਰ-ਵਿਵਹਾਰ ਨੂੰ ਆਪਣੀ ਕਵਿਤਾ ਰਾਹੀਂ ਆਵਾਜ਼ ਹੀ ਨਹੀਂ ਦਿੱਤੀ ਸਗੋਂ ਸੜਕ ਉੱਤੇ ਉਹਨਾਂ ਨਾਲ ਜਾ ਕੇ ਖੜ੍ਹੀ ਹੋਈ ਤੇ ਭੀੜਤੰਤਰ ਦੀ ਹਿੰਸਾ ਦਾ ਸ਼ਿਕਾਰ ਵੀ ਹੋਈ। ਇਉਂ ਪਰਮਿੰਦਰ ਸੰਸਾਰ ਦੇ ਉਹਨਾਂ ਲੇਖਕਾਂ ਦੀ ਕਤਾਰ ਵਿੱਚ ਖੜ੍ਹੀ ਹੁੰਦੀ ਹੈ ਜੋ ਮਨੁੱਖੀ ਹੱਕਾਂ ਲਈ ਸੰਘਰਸ਼ ਵੀ ਕਰਦੇ ਰਹੇ ਅਤੇ ਉਸ ਸੰਘਰਸ਼ ਨੂੰ ਸ਼ਬਦਾਂ ਦਾ ਜਾਮਾ ਵੀ ਪਹਿਨਾਉਂਦੇ ਰਹੇ। ਉਹ ਬੇਇਨਸਾਫ਼ੀ ਵਿਰੁੱਧ ਲੜੇ ਜਾ ਰਹੇ ਸੰਗਰਾਮ ਦੀ ਸਾਥੀ ਹੈ। ਉਹ ਵੈਨਕੂਵਰ ਡਾਊਨ ਟਾਊਨ ਵਿੱਚ ਫ਼ਲਸਤੀਨ ਦੇ ਹੱਕ ਵਿੱਚ ਵੱਡੇ ਇਤਿਹਾਸਕ ਮਾਰਚ ਵਿੱਚ ਸ਼ਾਮਲ ਹੁੰਦੀ ਹੈ। ਉਸਦੀਆਂ ਫ਼ਲਸਤੀਨ ਬਾਰੇ ਕਵਿਤਾਵਾਂ, ਉਸਦੀ ਅੰਤਰਰਾਸ਼ਟਰੀ ਸੂਝ ਦੀਆਂ ਪ੍ਰਤੀਕ ਹਨ।

ਪਰਮਿੰਦਰ ਦੀ ਕਵਿਤਾ ਦਾ ਮੂਲ ਧੁਰਾ ਅਤੇ ਕੇਂਦਰ-ਬਿੰਦੂ ਔਰਤ ਹੈ। ਔਰਤ ਦੀ ਪੀੜ ਅਤੇ ਉਸਦੇ ਦੁੱਖਾਂ-ਸੁੱਖਾਂ ਨੂੰ ਸਮਾਜਿਕ ਅਤੇ ਸਭਿਆਚਾਰਕ ਰਹਿਤਲ ਵਿੱਚਲੇ ਸੰਦਰਭ ਰੱਖ ਕੇ ਦੇਖਦੀ ਹੈ। ਔਰਤਾਂ ਦੇ ਸਮਾਜਿਕ ਅਤੇ ਸਭਿਆਚਾਰਕ ਰਹਿਤਲ

ਵਿੱਚ ਦੁਜੈਲੇ ਰੁਤਬੇ ਨੂੰ ਸਵੀਕਾਰ ਨਹੀਂ ਕਰਦੀ। ਉਹ ਔਰਤ ਨੂੰ ਕੇਵਲ ਰਿਸ਼ਤਿਆਂ ਵਿੱਚ ਬੰਨ ਕੇ ਨਹੀਂ ਦੇਖਦੀ ਸਗੋਂ ਔਰਤ ਦੇ ਇਨਸਾਨੀ ਰੁਤਬੇ ਨੂੰ ਉੱਚਾ ਮੰਨਦੀ ਹੈ। ਪੂਜਾ ਦੀ ਵਸਤੂ ਬਣਾਉਣ ਦੀ ਰਾਜਨੀਤੀ ਤੋਂ ਪਰਦਾ ਚੁੱਕਦੀ ਹੈ। 'ਮੈਂ ਦੇਵੀ ਨਹੀਂ ਔਰਤ ਹਾਂ' ਕਵਿਤਾ ਵਿੱਚ ਲਿਖਦੀ ਹੈ।

ਮੈਂ ਮੁਖ਼ਾਲਿਫ ਮੌਸਮਾਂ ਦੀਆਂ
ਤੱਤੀਆਂ ਹਵਾਵਾਂ ਵਿੱਚੋਂ ਜਾਣ ਲਿਆ ਹੈ ,
ਦੋਗਲੇ਼ ਨਿਪੁੰਸਕ ਕਿਰਦਾਰਾਂ ਨੂੰ
ਹੁਣ ਮੈਂ ਦੇਵੀ ਨਹੀਂ ਬਣਨਾ
ਨਾ ਹੀ ਕੰਜਕ
ਮੈਂ ਤਾਂ ਔਰਤ ਹਾਂ
ਔਰਤ ਹੀ ਬਣਨਾ ਹੈ, ਪੱਥਰ ਨਹੀਂ
ਸਾਂਵੀ ਆਵਾਂਗੀ ਆੜੇ ਤੁਹਾਡੇ
ਤੋੜਾਂਗੀ ਅਹਿੰਕਾਰ
ਲੜਾਂਗੀ ਆਪਣੇ ਹਿੱਸੇ ਦੇ ਹੱਕਾਂ ਦਾ ਯੁੱਧ
ਮੈਂ ਔਰਤ ਹਾਂ, ਪੱਥਰ ਦੀ ਦੇਵੀ ਨਹੀਂ
ਮੈਂ ਸਿਰਫ਼ ਔਰਤ ਹਾਂ"

ਔਰਤਾਂ ਦੇ ਵਿਭਿੰਨ ਰੂਪਾਂ ਅਤੇ ਵਰਤਾਰਿਆਂ ਨੂੰ ਰੂਪਮਾਨ ਕਰਦੀਆਂ ਅਨੇਕਾਂ ਕਵਿਤਾਵਾਂ ਹਨ ਜਿਵੇਂ 'ਆਸਿਫ਼ਾ ਦੇ ਨਾਂ', 'ਇਹ ਔਰਤਾਂ' ਕੌਣ ਹਨ', 'ਘੁੰਗਰੂਆਂ ਵਾਲੀ ਤੜਾਗੀ', 'ਦੁੱਧ ਦੀ ਲਾਜ','ਚਲਦੀ ਫਿਰਦੀ ਲਾਸ਼', 'ਮੈਂ ਇੱਕ ਨਰਸ ਹਾਂ', 'ਰੰਗਲਾ ਮਹਿਲ', 'ਕਿੰਨੀ ਕੁ ਔਰਤ' ਆਦਿ। ਇਹ ਘਟਨਾਵਾਂ ਅਧਾਰਿਤ ਕਵਿਤਾਵਾਂ ਹਨ। ਜੋ ਵੱਖਰੇ-ਵੱਖਰੇ ਦ੍ਰਿਸ਼ਟੀਕੋਣਾਂ ਤੋਂ ਸਮਾਜ ਵਿੱਚ ਸਮੇਂ-ਸਮੇਂ 'ਤੇ ਅਣਮਨੁੱਖੀ ਹਿੰਸਾ ਦਾ ਸ਼ਿਕਾਰ ਹੋਈਆਂ ਹਨ।

ਕਿਸਾਨੀ ਅੰਦੋਲਨ ਵਿੱਚ ਸ਼ੁਮਾਰ ਔਰਤਾਂ ਦੀ ਜਾਗਰੂਕਤਾ ਨੂੰ ਵੀ 'ਇਹ ਔਰਤਾਂ ਕੌਣ ਹਨ' ਵਿੱਚ ਦਰਜ਼ ਕਰਦੀ ਹੈ। ਉਸਦੀ ਕਿਸਾਨੀ ਅੰਦੋਲਨ ਨੂੰ ਸਮਰਪਿਤ ਕਵਿਤਾ 'ਲਹਿਰਾਂ ਬਣ ਕੇ ਆ ਗਏ ਲੋਕ' ਅਤੇ 'ਇੱਕ ਦਿਨ ਤਾਂ ਪਹੁ ਫੁੱਟਣੀ ਹੀ ਹੈ...'ਸੰਘਰਸ਼ ਵਿੱਚ ਵਿਸ਼ਵਾਸ ਪੈਦਾ ਕਰਦੀਆਂ ਨਜ਼ਮਾਂ ਹਨ। 'ਸਵੈ ਦੀ ਸ਼ਨਾਖ਼ਤ' ਮਨੁੱਖ ਦੀ ਦੋਗਲ਼ੀ ਮਾਨਸਿਕਤਾ ਨੂੰ ਪ੍ਰਗਟਾਉਂਦੀ ਕਵਿਤਾ ਹੈ ਕਿ ਕਿਵੇਂ ਸਮਾਜ ਵਿੱਚ ਪ੍ਰਗਤੀਵਾਦੀ ਹੋਣ ਦਾ ਭਰਮ ਪਾਲ਼ਦੇ ਲੋਕ ਅੰਦਰੋਂ ਜਾਤ-ਪਾਤ, ਰੰਗ ਨਸਲ ਦੇ ਵਿਤਕਰੇ ਤੋਂ ਆਪਣੇ ਆਪ ਨੂੰ ਅਜ਼ਾਦ ਨਹੀਂ ਕਰ ਸਕੇ।

ਪਰਮਿੰਦਰ ਦੀ ਕਵਿਤਾ ਦੀ ਸੁਰ ਭਾਵੇਂ ਉੱਚੀ ਹੈ ਪਰ ਮਨੁੱਖੀ ਸੰਵੇਦਨਾ ਨਾਲ ਭਰਪੂਰ ਹੈ। ਉਸਦੀਆਂ ਕੁਝ ਕਵਿਤਾਵਾਂ ਨਾਟਕੀ ਅੰਦਾਜ਼ ਦੀਆਂ ਹਨ, ਜਿਸ ਵਿੱਚ ਸੰਵਾਦ ਨੂੰ ਇੱਕ ਯੁਕਤੀ ਦੇ ਤੌਰ 'ਤੇ ਵਰਤਿਆ ਗਿਆ ਹੈ। ਪ੍ਰਸ਼ਨੋਤਰੀ ਸ਼ੈਲੀ ਅਤੇ ਸੰਬੋਧਨੀ ਸੁਰ ਵਿੱਚ ਵੀ ਕੁੱਝ ਕਵਿਤਾਵਾਂ ਹਨ। ਕਵਿਤਾਵਾਂ ਦਾ ਅਧਾਰਭੂਤ ਕੈਨਵਸ, ਸਮਾਜਿਕ, ਰਾਜਨੀਤਕ, ਆਰਥਿਕ ਤੇ ਸਭਿਆਚਾਰਕ ਘਟਨਾਵਾਂ ਵੀ ਹਨ ਜੋ ਇੱਕ ਰਾਜਨੀਤਕ ਪ੍ਰਵਚਨ ਸਿਰਜਦੀਆਂ ਹਨ। ਉਹ ਬਾਜ਼ਾਰਵਾਦ ਵਲੋਂ ਸਿਰਜੇ ਜਾ ਰਹੇ ਮਨ ਲੁਭਾਵਣੇ ਨਾਅਰਿਆਂ ਦੀ 'ਸ਼ਬਦਾਂ ਦੀ ਰਾਜਨੀਤੀ' ਸਮਝਦੀ ਹੈ। 'ਸਾਂਝੇ ਸੰਕਲਪ ਦੀ ਮੌਤ' ਦਾ ਕਾਰਨ ਉਹ ਖਪਤ ਸਭਿਆਚਾਰ ਹੈ ਜਿਹੜਾ ਕਾਰਪੋਰੇਟ ਨੇ ਆਪਣੇ ਮੁਨਾਫ਼ੇ ਲਈ ਸਿਰਜ ਲਿਆ ਹੈ ਜਿਸ ਕਰਕੇ ਮਨੁੱਖ ਵਿੱਚ ਇਨਸਾਨੀ ਕਦਰ ਮਨਫ਼ੀ ਹੋ ਗਈ ਹੈ। 'ਚਲਦੀ ਫਿਰਦੀ ਲਾਸ਼' ਕਵਿਤਾ ਪੂੰਜੀਵਾਦੀ ਪ੍ਰਬੰਧ ਦੀਆਂ ਕਰੂਰਤਾਂ ਭਰੀਆਂ ਚਾਲਾਂ ਦਾ ਸ਼ਿਕਾਰ ਹੋਈ ਨੌਜਵਾਨ ਕੁੜੀ ਦੀ ਗਾਥਾ ਹੈ। 'ਜ਼ਰਦ ਰੰਗ', 'ਡਰ', 'ਓਟ ਆਸਰਾ' 'ਮੈਂ ਤੇ ਮੇਰੀ ਕਵਿਤਾ' ਵਿੱਚ ਕੈਨੇਡਾ ਵਿੱਚ ਹਰ ਰੋਜ਼ ਓਵਰਡੋਜ਼ ਨਾਲ ਮਰ ਰਹੇ ਨੌਜਵਾਨਾਂ ਦੀ ਗਾਥਾ, ਡਰੱਗ ਮਾਫੀਆ ਅਤੇ ਸਰਕਾਰਾਂ ਦੀ ਲਾਪ੍ਰਵਾਹੀ ਤੇ ਗੈਂਗਵਾਰਾਂ ਦੇ ਪ੍ਰਕੋਪ ਨੂੰ ਦਰਜ ਕਰਾਇਆ ਹੈ।

ਕੈਨੇਡਾ ਵਿੱਚ ਪਰਮਿੰਦਰ ਆਪ ਲੋਕਾਈ ਦੇ ਘੋਲਾਂ ਵਿੱਚ ਪਹਿਲੀ ਕਤਾਰ ਵਿੱਚ ਖੜ੍ਹੀ ਹੁੰਦੀ ਹੈ। ਇਹ ਗੁੜ੍ਹਤੀ ਉਸਨੂੰ ਆਪਣੇ ਮਾਪਿਆਂ ਤੋਂ ਮਿਲੀ ਹੈ। ਉਸਦੇ ਵਡਿੱਕੇ ਗ਼ਦਰ ਪਾਰਟੀ ਦੇ ਸੁਨੇਹੇ ਪਹੁੰਚਾਉਣ ਵਾਲੇ ਗੁਪਤ-ਹਰਕਾਰੇ ਰਹੇ ਸਨ। ਲਹਿਰ ਵਿੱਚ ਇਹ ਜ਼ਿੰਮੇਵਾਰੀ ਸਭ ਤੋਂ ਭਰੋਸੇਯੋਗ ਵਿਅਕਤੀ ਨੂੰ ਦਿੱਤੀ ਜਾਂਦੀ ਸੀ। ਪਰਮਿੰਦਰ ਦਾ ਬਚਪਨ ਬਹੁਤ ਇਨਕਲਾਬੀ ਮਾਹੌਲ ਵਿੱਚ ਪ੍ਰਵਾਨ ਚੜ੍ਹਿਆ। ਗੋਆ ਦੀ ਅਜ਼ਾਦੀ ਲਈ ਮਰ ਮਿਟਣ ਵਾਲੇ ਸ਼ਹੀਦ ਕਰਨੈਲ ਸਿੰਘ ਉਸਦੇ ਚਾਚਾ ਜੀ ਸਨ। ਇਸ ਤਰ੍ਹਾਂ ਚੜ੍ਹਦੀ ਉਮਰੇ ਉਸਦਾ ਵਿਅਕਤੀਤਵ ਲੋਕ ਲਹਿਰਾਂ ਵਿੱਚ ਪ੍ਰਵਾਨ ਚੜ੍ਹਿਆ ਹੈ। ਕੈਨੇਡਾ ਆ ਕੇ ਉਸਦੀ ਬੌਧਿਕ ਸੋਚ ਨੇ ਅੰਤਰ ਰਾਸ਼ਟਰੀ ਦ੍ਰਿਸ਼ਟੀ ਨੂੰ ਅਪਣਾਇਆ ਅਤੇ ਨਾਟਕ, ਲੇਖ, ਕਹਾਣੀ ਤੇ ਕਵਿਤਾ ਦੇ ਮਾਧਿਅਮ ਰਾਹੀਂ ਉਸਨੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪ੍ਰਬੰਧ ਦੀਆਂ ਮਨੁੱਖ ਦੋਖੀ ਨੀਤੀਆਂ ਨੂੰ ਨੰਗਾ ਕੀਤਾ। ਉਹ ਸਮਾਜ ਵਿਚਲੇ ਜ਼ਰਦ ਰੰਗਾਂ ਦੇ ਮੌਸਮਾਂ ਵਿੱਚ ਨਿਰਾਸ਼ ਨਹੀਂ ਸਗੋਂ ਉਸਦਾ ਵਿਸ਼ਵਾਸ ਹੈ ਕਿ ਸੰਘਰਸ਼ ਰਾਹੀਂ ਪ੍ਰਸਥਿਤੀਆਂ ਨੂੰ ਬਦਲਿਆ ਜਾ ਸਕਦਾ ਹੈ। ਉਹ ਸਮਝਦੀ ਹੈ ਕਿ ਲੋਕ ਸ਼ਕਤੀ ਦੀ ਏਕਤਾ ਨਾਲ ਬਹੁਤ ਕੁੱਝ ਬਦਲਿਆ ਜਾ ਸਕਦਾ ਹੈ। ਇਸ ਕਰਕੇ ਉਹ ਆਪਣੀ ਮਹੱਤਵਪੂਰਨ ਨਜ਼ਮ "ਜੇਕਰ ਅਸੀਂ ਉੱਠੇ ਨਹੀਂ ਤਾਂ" ਵਿੱਚ ਲਿਖਦੀ ਹੈ :-

ਜੇਕਰ ਅਸੀਂ ਉੱਠੇ ਨਹੀਂ ਤਾਂ
ਖੋਹ ਲਈ ਜਾਵੇਗੀ ਸਾਡੀ ਸੋਚਣ ਸ਼ਕਤੀ
ਜੇਕਰ ਅਸੀਂ ਉੱਠੇ ਨਹੀਂ ਤਾਂ

ਪੈ ਜਾਵੇਗੀ ਸਾਡੀਆਂ
ਚੇਤਨ ਕਲਮਾਂ ਨੂੰ ਮਾਰ
ਦੇ ਕੇ ਦੇਸ਼ ਧਰੋਹੀ ਦਾ ਫਤਵਾ
ਡੱਕ ਦਿੱਤਾ ਜਾਵੇਗਾ ਅੰਡਾ ਜੇਲ੍ਹ ਵਿੱਚ
ਇਸ ਲਈ ਉੱਠਣ ਦਾ ਵੇਲ਼ਾ ਹੈ
ਜਗਾਉਣ ਦਾ ਵੇਲ਼ਾ ਹੈ
ਸੁੱਤੀ ਚੇਤਨਾ ਨੂੰ ਟੁੰਬਣ ਦਾ ਵੇਲ਼ਾ ਹੈ
ਉੱਠਣ ਦਾ ਵੇਲ਼ਾ ਹੈ।

ਦੁਆ ਕਰਦੇ ਹਾਂ ਕਿ ਪਰਮਿੰਦਰ ਦੀ ਕਲਮ ਹੱਕ, ਸੱਚ ਤੇ ਇਨਸਾਫ਼ ਦੇ ਸੰਘਰਸ਼ ਵਿੱਚ ਮਿਸ਼ਾਲ ਲੈ ਕੇ ਮੋਹਰੀ ਕਤਾਰ ਵਿੱਚ ਹਮੇਸ਼ਾ ਲਿਖਦੀ ਰਹੇ।

**ਡਾ. ਕੰਵਲਜੀਤ ਕੌਰ ਢਿੱਲੋਂ ,**
ਐਸੋਸੀਏਟ ਪ੍ਰੋਫੈਸਰ (ਰਿਟਾਇਰ)
ਚੇਅਰਪਰਸਨ -ਦਿਸ਼ਾ ਕੈਨੇਡਾ

# ਜ਼ਰਦ ਰੰਗਾਂ ਦੇ ਰੂ-ਬ-ਰੂ

# ਪਰਮਿੰਦਰ ਸਵੈਚ

ਇਸਤਰੀ ਸਮਾਜਿਕ ਕਾਰਕੁੰਨਾਂ ਚੋਂ, ਜਿਹਨਾਂ ਨੇ ਮੂਹਰੇ ਹੋ ਕੇ, ਆਪਣੇ ਨਿੱਜੀ ਸੁੱਖਾਂ ਨੂੰ ਤਿਆਗ ਕੇ, ਜਿਹਨਾਂ ਨੇ ਸਮਾਜ ਨੂੰ ਰੁਸ਼ਨਾਉਣ ਲਈ ਜੀਵਨ ਸਮਰਪਿਤ ਕੀਤਾ ਹੈ, ਉਹਨਾਂ 'ਚ ਪਰਮਿੰਦਰ ਸਵੈਚ ਦਾ ਨਾਮ ਮੂਹਰਲੀਆਂ ਸਫਾਂ 'ਚ ਆਉਂਦਾ ਹੈ। ਪਰਮਿੰਦਰ ਸਵੈਚ ਅਜਿਹਾ ਹਸਤਾਖ਼ਰ ਹੈ ਜਿਸਨੂੰ ਕੈਨੇਡਾ ਵਰਗੇ ਮੁਲਕਾਂ 'ਚ ਪਹੁੰਚ ਕੇ ਵੀ, ਉਸਦੀ ਜਨਮ ਭੂਮੀ ਤੇ, ਗਰੀਬੀ ਦਾ ਸੰਤਾਪ ਹੰਢਾਉਂਦੇ ਲੋਕਾਂ ਦਾ ਦਰਦ ਸੁੱਖ ਨਾਲ ਰਹਿਣ ਨਹੀਂ ਦਿੰਦਾ। ਉਸਦੀ ਖੱਬੇ ਪੱਖੀ ਸੋਚ ਸਮਾਜ ਵਿੱਚ ਪਰਿਵਰਤਨ ਕਰਨ ਲਈ, ਜਦੋਂ ਉਬਾਲ਼ੇ ਮਾਰਦੀ ਹੈ ਤਾਂ ਉਸਦੇ ਅੰਦਰਲਾ ਕਵੀ ਜਾਗਦਾ ਹੈ ਤੇ ਉਹ ਕਹਿ ਉੱਠਦੀ ਹੈ-

ਬੇਸ਼ੱਕ ਬੂੰਦ ਹਾਂ, ਜ਼ੱਰਾ ਹਾਂ ਮੈਂ, ਜੰਗ ਦਾ ਮਾਦਾ ਰੱਖਦਾ ਹਾਂ,<br>
ਜੂਝਦਿਆਂ ਕਿਰਸਾਨੀ ਦਾ ਪਰਚਮ ਲਹਿਰਾਇਆ ਨਾਲੋ-ਨਾਲ<br>
ਇਹ ਨਾ ਸੋਚੀਂ ਕਿ 'ਕੱਲਾ ਕਿਰਸਾਨ ਹੈ ਆਇਆ ਚੜ੍ਹ ਚੜ੍ਹ ਕੇ,<br>
ਹਰ ਇੱਕ ਕਿਰਤੀ, ਹਰ ਇੱਕ ਕਾਮਾ, ਚੜ੍ਹ ਕੇ ਆਇਆ ਨਾਲੋ-ਨਾਲ।

(ਅੱਜ ਇਕੱਲਾ ਨਹੀਂ ਹੈ ਉਹ—ਵਿੱਚੋਂ)

ਉਹ ਆਪਣੀ ਗੱਲ ਇਕੱਲੀ ਕਾਵਿਕ ਰੂਪ ਵਿੱਚ ਹੀ ਨਹੀਂ ਕਰਦੀ ਸਗੋਂ ਕਦੇ ਕਹਾਣੀਕਾਰ, ਕਦੇ ਵਾਰਤਾਕਾਰ, ਕਦੇ ਨਾਟਕਕਾਰ, ਕਦੇ ਨਿਰਦੇਸ਼ਕ ਬਣ ਕੇ ਸਮਾਜ ਨੂੰ ਸੇਧ ਦੇਣ ਲਈ ਆਪਣੀ ਟਿੱਲ ਲਾਉਂਦੀ ਹੈ। ਪਿਛਲੇ ਦੋ ਦਹਾਕਿਆਂ ਤੋਂ ਉਹ ਤਰਕਸ਼ੀਲ ਸੁਸਾਇਟੀ ਦੇ ਮੰਚ ਤੋਂ ਬੜੀ ਸਰਗਰਮੀ ਨਾਲ ਸਮਾਜ ਨੂੰ ਹਨ੍ਹੇਰੇ ਚੋਂ ਕੱਢ ਕੇ ਚਾਨਣ ਦੇ ਵਿੱਚ ਪ੍ਰਵੇਸ਼ ਕਰਨ ਲਈ, ਦਿਨ ਰਾਤ ਮਿਹਨਤ ਕਰਦੀ ਰਹੀ ਹੈ ਤੇ ਕਰ ਰਹੀ ਹੈ।

ਦੇਸ਼ ਭਗਤ ਪਰਿਵਾਰ 'ਚ ਜਨਮੀ ਪਰਮਿੰਦਰ (ਸ਼ਹੀਦ ਕਰਨੈਲ ਸਿੰਘ ਈਸੜੂ ਦੀ ਭਤੀਜੀ) ਦੇ ਮਨ 'ਚ ਡਰ ਨਾਂ ਦੀ ਕੋਈ ਚੀਜ਼ ਨਹੀਂ ਹੈ। ਉਸ ਅੰਦਰ ਦੇਸ਼ ਭਗਤੀ ਅਤੇ ਸਮਾਜ ਪਰਿਵਰਤਨ ਦਾ ਜਨੂੰਨ ਐਨਾ ਤੀਬਰ ਹੈ ਕਿ ਉਹ ਫਿਰਕੂ ਜਨੂੰਨੀਆਂ ਮੂਹਰੇ ਇਕੱਲੀ ਹੀ ਸ਼ੇਰਨੀ ਬਣ ਖੜ੍ਹਦੀ ਹੈ।ਪਰਮਿੰਦਰ ਦੀਆਂ ਕਵਿਤਾਵਾਂ ਵਿੱਚ ਇਤਿਹਾਸ ਦੀਆਂ ਨਾਇਕਾਵਾਂ ਦੀ ਬਹਾਦਰੀ ਝਲਕਦੀ ਹੈ ਜੋ ਮਨੁੱਖੀ ਅਧਿਕਾਰਾਂ ਦੇ ਯੁੱਧਾਂ ਵਿੱਚ ਸ਼ਾਮਲ ਹੋਈਆਂ ਤੇ ਆਪਣੇ ਜੀਵਨ ਸਾਥੀਆਂ ਨੂੰ ਵੀ ਹੱਲਾਸ਼ੇਰੀ ਦਿੰਦੀਆਂ ਕਹਿੰਦੀਆਂ ਹਨ, ਉਹ ਆਪਣੀ ਕਵਿਤਾ ਵਿੱਚ 'ਇਹ ਔਰਤਾਂ ਕੌਣ ਹਨ" ਵਿੱਚੋਂ ਕਹਿ ਉਠਦੀ ਹੈ:-

ਇਹ ਔਰਤਾਂ ਕੌਣ ਹਨ
ਜੋ ਦਿੰਦੀਆਂ ਹਨ ਰੁੱਕਾ ਸਾਥੀ ਨੂੰ
ਜਿੱਤ ਕੇ ਆਵੀਂ ਖਾਲ਼ੀ ਕਦੇ ਨਾ ਮੁੜੀਂ
ਪਰਵਾਹ ਨਾ ਕਰੀਂ ਘਰ ਬਾਰ ਦੀ
ਫਸਲਾਂ ਨੂੰ ਪਾਲ਼ੂੰਗੀ ਬੱਚਿਆਂ ਵਾਂਗ
ਜੁਗੜਿਆ ਤੋਂ ਦੱਬਿਆ ਹੌਂਸਲਾ
ਉਮੜਿਆ ਹੈ ਜਿੱਤ ਦੀਆਂ ਬਰੂਹਾਂ ‘ਤੇ

ਇੱਕ ਵਾਰ ਰੇਡਿਓ ਪ੍ਰੋਗਰਾਮ ਤੇ ਤਰਕਸ਼ੀਲ ਸੁਸਾਇਟੀ ਦੇ ਹੋਣ ਵਾਲੇ ਪ੍ਰੋਗਰਾਮ ਬਾਰੇ ਉਹ ਜਾਣਕਾਰੀ ਦੇ ਰਹੀ ਸੀ ਤਾਂ ਇੱਕ ਆਦਮੀ ਜੋ ਕਿ ਤਾਂਤਰਿਕਾਂ ਬਾਬਿਆਂ ਦਾ ਹੱਥ ਠੋਕਾ ਹੋਵੇਗਾ। ਉਹ ਰੇਡਿਓ ਸਟੇਸ਼ਨ ਤੇ ਫ਼ੋਨ ਕਰਕੇ ਪਰਮਿੰਦਰ ਨੂੰ ਨਤੀਜੇ ਭੁਗਤਣ ਦੀ ਧਮਕੀ ਦਿੰਦਾ ਹੈ ਤਾਂ ਪਰਮਿੰਦਰ ਦਹਿਕਦੇ ਅੰਗਿਆਰਾਂ ਤੇ ਤੁਰਨ ਦੇ ਵਿਚਾਰਾਂ ਦੀ ਮਾਲਕ, ਉਸ ਆਦਮੀ ਨੂੰ ਚੈਲੰਜ ਕਰਦੀ ਹੈ ਕਿ ਮੈਂ ਰੇਡਿਓ ਸਟੇਸ਼ਨ ਤੋਂ ਬਾਹਰ ਆ ਰਹੀ ਹਾਂ। ਜੇਕਰ ਹਿੰਮਤ ਹੈ ਤਾਂ ਬਾਹਰ ਆ ਕੇ ਮੈਨੂੰ ਹੱਥ ਲਾ ਕੇ ਵਿਖਾ। ਪਰ ਸਿਧਾਂਤਹੀਣ ਬੰਦਿਆਂ ਵਿੱਚ ਹਿੰਮਤ ਨਹੀਂ ਹੁੰਦੀ ਪਰ ਪਰਮਿੰਦਰ ਨੇ ਸਿੱਧ ਕਰ ਦਿਖਾਇਆ ਕਿ ਉਹ ਹਮੇਸ਼ਾਂ ਆਪਣੇ ਧੜੱਲੇਦਾਰ ਵਿਚਾਰਾਂ ਨਾਲ ਜਿਉਂ ਦੀ ਤਿਉਂ ਖੜ੍ਹੀ ਹੈ।

ਉਹ ਇਨਕਲਾਬੀ ਤੇ ਖੱਬੇ ਪੱਖੀ ਲਹਿਰ ਲਈ ਕੰਮ ਕਰਦੀ, ਕਦੇ ਥੱਕਦੀ ਨਹੀਂ। ਭਾਵੇਂ ਭਾਅ ਜੀ ਗੁਰਸ਼ਰਨ ਸਿੰਘ ਦੀ ਕੈਨੇਡਾ ਫੇਰੀ ਦੌਰਾਨ ਤੋਂ ਲੈ ਕੇ ਕਿਸੇ ਕਲਾਕਾਰ ਦੀ ਠਹਿਰ ਦਾ ਪ੍ਰਬੰਧ ਕਰਨਾ ਹੋਵੇ, ਨਾਟਕਕਾਰ, ਸਾਹਿਤਕਾਰ ਸਭ ਲਈ ਪਰਮਿੰਦਰ ਦੇ ਘਰ ਦੇ ਦਰਵਾਜ਼ੇ ਹਮੇਸ਼ਾਂ ਖੁੱਲ੍ਹੇ ਹੁੰਦੇ ਹਨ। ਕਿਤੇ ਉਹ ਖਾਣਾ ਬਣਾ ਰਹੀ ਹੁੰਦੀ ਹੈ ਤੇ ਕਿਤੇ ਰਿਹਰਸਲਾਂ ‘ਚ ਹਿੱਸਾ ਲੈ ਰਹੀ ਹੁੰਦੀ ਹੈ। ਉਹ ਜਿੰਨੀ ਸ਼ਿੱਦਤ ਨਾਲ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦੀ ਹੈ, ਉਸਤੋਂ ਵੀ ਵੱਧ ਸਮਾਜਿਕ ਜ਼ਿੰਮੇਵਾਰੀਆਂ ਨਿਭਾ ਰਹੀ ਹੁੰਦੀ ਹੈ। ਸਮਾਜਿਕ ਤੇ ਆਰਥਿਕ ਦੁਸ਼ਵਾਰੀਆਂ ਹੰਢਾਉਂਦੇ ਲੋਕਾਂ ਦੀ ਪੀੜ, ਉਸਨੂੰ ਕਲਮ ਚੁੱਕਣ ਲਈ ਮਜ਼ਬੂਰ ਕਰਦੀ ਹੈ ਤਾਂ ਉਹ ਝੱਟ ਕਲਮ ਚੁੱਕ ਕੇ ਕਵਿਤਾ ਲਿਖਣ ਬੈਠ ਜਾਂਦੀ ਹੈ।

ਕਵਿਤਾਵਾਂ ਦੇ ਮਾਪ ਤੋਲ ਨੂੰ ਠੋਕਰ ਮਾਰ ਕੇ ਉਹ ਪ੍ਰਗਤੀਵਾਦੀ ਵਿਚਾਰਾਂ ਨੂੰ ਹੂ-ਬ-ਹੂ ਲਿਖਣ ਬੈਠ ਜਾਂਦੀ ਹੈ ਜਦੋਂ ਅਮਰੀਕਾ ਦੇ ਸਿਆਹ ਰੰਗ ਦੇ ਅਮਰੀਕਨ ਜੌਰਜ ਫਲਾਊਡ ‘ਤੇ ਪੁਲੀਸ ਵਲੋਂ ਨਸਲੀ ਹਮਲੇ ਵਿੱਚ ਉਸਦੀ ਮੌਤ ਹੋ ਜਾਂਦੀ ਹੈ ਤਾਂ ਉਹਦੀ ਕਲਮ ਬੋਲ ਉਠਦੀ ਹੈ-

ਗੋਡੇ ਨੇ ਅੱਜ ਹੀ ਨਹੀਂ
ਨੱਪੀ ਸੀ ਮੇਰੀ ਸੰਘੀ

ਇਹ ਤਾਂ ਯੁੱਗਾਂ ਤੋਂ ਮੇਰੀ ਧੌਣ 'ਤੇ ਹੈ
ਕਦੇ ਜਾਤਾਂ, ਕਦੇ ਧਰਮਾਂ,
ਕਦੇ ਰੰਗਾਂ, ਕਦੇ ਭਾਸ਼ਾਵਾਂ ਦੇ ਰੂਪ ਵਿੱਚ
ਮੈਂ ਹਮੇਸ਼ਾਂ ਤੋਂ ਰੋਇਆ ਹਾਂ
ਚੀਕਿਆ ਹਾਂ... (ਚੁੱਪ ਦੀ ਮੌਤ)

ਉਹ ਆਪਦੀ ਮੰਜ਼ਲ ਤੇ ਪਹੁੰਚਣ ਲਈ ਨਾਟਕ ਵਿਧੀ ਦਾ ਵੀ ਆਸਰਾ ਲੈਂਦੀ ਹੋਈ ਕਦੇ ਨਸ਼ਿਆਂ ਤੇ ਗੈਂਗਵਾਰ ਵਿੱਚ ਮਰ ਰਹੇ ਨੌਜਵਾਨਾਂ ਦੇ ਮਾਪਿਆਂ ਦਾ ਦਰਦ ਹੰਢਾਉਂਦਾ ਨਾਟਕ ਲਿਖਦੀ ਹੈ ਤੇ ਕਦੇ ਹਕੂਮਤਾਂ ਵਲੋਂ ਵਿਛਾਏ ਚੋਣਾਂ ਜਿਹੇ ਭਰਮ ਜਾਲ਼ 'ਚ ਫਸੇ ਲੋਕਾਂ ਨੂੰ ਬਾਹਰ ਕੱਢਣ ਲਈ ਕੋਰਾ ਸੱਚ ਨਾਟਕੀ ਰੂਪ ਵਿੱਚ ਸਟੇਜ 'ਤੇ ਹੂ-ਬ-ਹੂ ਪੇਸ਼ ਕਰਕੇ ਲੋਕਾਂ ਦੇ ਹਨ੍ਹੇਰੇ ਕੋਨਿਆਂ ਨੂੰ ਰੁਸ਼ਨਾਉਣ ਦਾ ਕੰਮ ਕਰਦੀ ਹੈ। ਉਹ ਹਰ ਉਸ ਵਿਸ਼ੇ ਨੂੰ ਆਪਣੀਆਂ ਲਿਖਤਾਂ ਵਿੱਚ ਲਿਆਉਂਦੀ ਹੈ ਜੋ ਆਮ ਵਿਅਕਤੀ ਦੀ ਜ਼ਿੰਦਗੀ ਦੇ ਨਾਲ਼ ਜੁੜਿਆ ਹੈ। ਦੱਬੇ ਕੁਚਲੇ ਲੋਕਾਂ ਦਾ ਦਰਦ ਹੰਢਾਉਂਦਿਆਂ ਵੀ ਉਸਦੀ ਸੋਚ ਵਿੱਚ ਕਦੇ ਨਿਰਾਸ਼ਾ ਨਹੀਂ ਝਲਕਦੀ। ਉਹ ਸਮਾਜਿਕ ਦੁੱਖਾਂ ਦੀਆਂ ਬਾਤਾਂ ਪਾਉਂਦੀ ਹੋਈ ਵੀ ਆਸਬੰਦ ਹੋ ਕੇ ਬਾਹਰ ਨਿਕਲਦੀ ਹੈ।

"ਇੱਕ ਦਿਨ ਤਾਂ ਪਹੁ ਫੁੱਟਣੀ ਹੀ ਹੈ ਸੁਰਖ਼ ਸਵੇਰੇ ਦੀ
ਤੱਤੀਆਂ ਵਾਵਾਂ ਦੇ ਰਹੀਆਂ ਨੇ, ਭਿਣਕ ਅਗੇਰੇ ਦੀ...
ਸਾਡੇ ਚਿੰਤਨ ਦੇ ਸੂਰਜ ਨੇ, ਚਾਨਣ ਚਾਨਣ ਕਰ ਦਿੱਤਾ ਹੈ,
ਕਾਲ਼ਖ਼ ਮੇਟ ਦਿਆਂਗੇ ਸਾਰੀ, ਕੀ ਔਕਾਤ ਹਨ੍ਹੇਰੇ ਦੀ।"
(ਇੱਕ ਦਿਨ ਤਾਂ ਪਹੁ ਫੁੱਟਣੀ... ਵਿਚੋਂ)

ਜਦੋਂ ਉਸਨੂੰ ਸਮਾਜਿਕ ਤੇ ਆਰਥਿਕ ਪਾੜੇ ਦੇ ਕਾਰਨ ਸਰਾਪੇ ਹੋਏ ਲੋਕਾਂ ਦਾ ਸੰਤਾਪ ਟਿਕਣ ਨਹੀਂ ਦਿੰਦਾ ਤਾਂ ਲਿਖਣ ਬੈਠਦੀ ਹੈ -

"ਗੁੰਬਦਾਂ ਤੇ ਖੁਸ਼ਹਾਲੀ ਦੇ ਝਰੋਖੇ ਵਿੱਚ
ਨਹੀਂ ਮਿਲਿਆ ਮੁੜ੍ਹਕੇ ਦਾ ਮੁੱਲ
ਸੁੱਕੀਆਂ ਹਿੱਕਾਂ, ਉਧੜੀ ਚਮੜੀ
ਡੱਬ ਖੜੱਬੇ ਸੁੱਕੇ ਚਿਹਰੇ
ਲੰਬਾ ਪੈਂਡਾ ਸਿਰ ਤੇ ਗੱਠੜੀ"
(ਘੁੰਗਰੂਆਂ ਵਾਲੀ ਤੜਾਗੀ)

ਉਹ ਮਨੁੱਖ ਨੂੰ ਫਿਰ ਹਨ੍ਹੇਰਿਆਂ ਵੱਲ ਧੱਕਣ ਲਈ ਸ਼ਬਦ ਦਾ ਆਸਰਾ ਲੈਣ ਵਾਲੇ ਅਖੌਤੀ ਬੁੱਧੀਜੀਵੀਆਂ ਨੂੰ ਹੋਕਾ ਦਿੰਦੀ ਹੈ।

"ਤੁਸੀਂ ਸ਼ਬਦਾਂ ਨੂੰ ਫਲੂਹਾ ਨਾ ਬਣਾਓ,

ਅਰਥਾਂ ਨੂੰ ਗਰਭਪਾਤ ਤੋਂ ਬਚਾਓ
ਸ਼ਬਦਾਂ ਦੇ ਅਰਥਾਂ ਨੂੰ, ਬੇਅਰਥ ਨਾ ਕਰੋ
ਇਹਨਾਂ ਨੂੰ ਅਰਥ ਦਿਓ ਚਾਨਣ ਦੇ
ਜੋ ਹਨ੍ਹੇਰਿਆਂ ਨੂੰ ਚੀਰ ਦੇਣ
ਮਨੁੱਖ ਦੀ ਤਕਦੀਰ ਬਦਲ ਦੇਣ"

ਹਰ ਦੇਸ਼ ਵਿੱਚ ਪੈਦਾ ਹੋਏ ਦੇਸ਼ ਭਗਤ ਯੋਧੇ ਉਹਦੇ ਆਪਣੇ ਹਨ। ਭਗਤ ਸਿੰਘ ਤੋਂ ਲੈ ਕੇ ਚੀ ਗੁਵੇਰਾ ਤੱਕ-

"ਜੰਮਣ ਭੋਂਇ ਨੂੰ ਛੱਡ ਕੇ
ਉਹ ਲੜਿਆ ਮਨੁੱਖਤਾ ਦੀ
ਅਜ਼ਾਦੀ ਤੇ ਮੁਢਲੀਆਂ ਲੋੜਾਂ ਲਈ
ਉਹ ਧਰਤੀ ਕਿਊਬਾ ਦੀ ਹੋਵੇ
ਜਾਂ ਬੁਲੀਵਿਆ ਦੀ" (ਸਵੈ ਦੀ ਸ਼ਨਾਖ਼ਤ ਵਿਚੋਂ)

ਪਰਮਿੰਦਰ ਦੀ ਕਲਮ ਅਤੇ ਸੋਚ ਕਿਤੇ ਰੁਕਣ ਵਾਲੀ ਨਹੀਂ। ਉਹਦਾ ਨਾਂ ਸਦਾ ਉੱਤੇ ਰਹੇਗਾ, ਅਸਮਾਨ 'ਚ ਉਡਦੇ ਬੱਦਲਾਂ ਨਾਲ਼, ਉੱਚੇ ਅਸਮਾਨ ਉਡਦੇ ਜਾ ਰਹੇ ਪੰਛੀਆਂ ਦੀਆਂ ਡਾਰਾਂ ਨਾਲ਼, ਕਿਸੇ ਚੰਗੇਰੇ ਭਵਿੱਖ ਦੀ ਆਸ ਵਿੱਚ। ਆਸ ਹੈ ਉਹ ਆਉਂਦੇ ਸਮਿਆਂ ਵਿੱਚ ਸਾਡੀਆਂ ਸੋਚਾਂ ਨੂੰ ਚਮਕਾਉਣ ਲਈ, ਉਹ ਕਲਮ ਦੀ ਵਰਤੋਂ ਕਰਦੀ ਰਹੇਗੀ। ਇਸ ਵਾਰ ਉਸਨੇ ਸਾਡੇ ਹੱਥਾਂ ਵਿੱਚ "ਜ਼ਰਦ ਰੰਗਾਂ ਦਾ ਮੌਸਮ" ਦੇ ਕੇ ਇੱਕ ਹੋਰ ਪੁਲਾਂਘ ਪੁੱਟੀ ਹੈ ਜੋ ਕੈਨੇਡਾ, ਭਾਰਤ ਤੇ ਵਿਸ਼ਵ ਪੱਧਰ ਦੀ ਲੋਕਾਈ ਦੇ ਦਰਦਾਂ ਦੀਆਂ ਗੰਢਾਂ ਖੋਲ਼ਦੀ ਹੋਈ ਵੀ ਉਹਨਾਂ 'ਤੇ ਫੇਹੇ ਟਿਕਾਉਣ ਦਾ ਯਤਨ ਵੀ ਕਰੇਗੀ। ਆਸ ਹੈ ਤੁਸੀਂ ਸਾਰੇ ਉਸਦੀ ਇਸ ਕਿਤਾਬ ਨੂੰ ਜੀ ਆਇਆਂ ਵੀ ਕਹੋਂਗੇ ਤੇ ਪੜ੍ਹ ਕੇ ਹੌਸਲੇ ਦੇ ਨਾਲ਼ ਨਾਲ਼ ਸੁਝਾਵਾਂ ਦੀ ਬਰਸਾਤ ਵੀ ਹੋਵੇਗੀ। ਪਰਮਿੰਦਰ ਦੀ ਕਲਮ ਹਮੇਸ਼ਾਂ ਇਵੇਂ ਲੋਕਾਂ ਦੀ ਬਾਤ ਪਾਉਂਦੀ ਰਹੇ, ਮੇਰੀ ਦਿਲੋਂ ਕਾਮਨਾ ਹੈ।

**ਨਿਰਮਲ ਸਿੰਘ ਕਿੰਗਰਾ**

# ਮੇਰੇ ਆਪਣੇ ਵੱਲੋਂ ਕੁਝ ਸ਼ਬਦ

ਲੇਖਕ ਦਾ ਕਰਮ ਹੁੰਦਾ ਹੈ, ਕਲਮ ਨਾਲ ਵਾਹੀ ਕਰਨਾ, ਸਫ਼ਿਆਂ ’ਤੇ ਸ਼ਬਦਾਂ ਦਾ ਬੀਜ ਬੀਜਣਾ, ਪਾਲਣਾ, ਸਮੇਂ-ਸਮੇਂ ’ਤੇ ਪਾਣੀ ਲਾਉਣਾ, ਤੁਛ ਬੁੱਧੀ ਮੁਤਾਬਕ ਮੋਥਿਆਂ ਨਦੀਨਾਂ ਦੀ ਸਾਫ਼-ਸਫ਼ਾਈ ਕਰਨਾ ਅਤੇ ਅੰਤ ਪੱਕੀ ਫ਼ਸਲ ਦੇ ਇੱਕ-ਇੱਕ ਦਾਣੇ ਨੂੰ ਤੁਹਾਡੀ ਕਚਹਿਰੀ ਵਿੱਚ ਢੇਰ ਕਰ ਦੇਣਾ ਤਾਂ ਕਿ ਤੁਸੀਂ ਉਸਦਾ ਕੋਈ ਮੁੱਲ ਪਾ ਸਕੋਂ। ਇਸ ਸੰਦਰਭ ਵਿੱਚ ਹੀ ਮੈਂ ‘ਮਖੌਟਿਆਂ ਦੇ ਆਰ-ਪਾਰ’ ਤੇ ‘ਲਹਿਰਾਂ ਦੀ ਵੇਦਨਾ’ ਤੋਂ ਬਾਅਦ ਤੀਜਾ ਕਾਵਿ-ਸੰਗ੍ਰਹਿ ‘ਜ਼ਰਦ ਰੰਗਾਂ ਦਾ ਮੌਸਮ’ ਲੈ ਕੇ ਤੁਹਾਡੇ ਸਨਮੁੱਖ ਹਾਜ਼ਰ ਹੋਈ ਹਾਂ। ਮੈਂ ਇਕੱਲੀ ਕਵਿਤਾ ਨਹੀਂ ਸਗੋਂ ਨਾਟਕ, ਲੇਖ, ਕਹਾਣੀ ਵੀ ਲਿਖਦੀ ਹਾਂ ਪਰ ਮੇਰੇ ਕਾਵਿ-ਸੰਗ੍ਰਹਿ 6-7 ਸਾਲਾਂ ਦੇ ਦੌਰਾਨ ਜੋ ਵੀ ਘਟਨਾਵਾਂ ਮੇਰੇ ਆਲ਼ੇ ਦੁਆਲ਼ੇ ਜਾਂ ਗਲੋਬਲੀ ਪੱਧਰ ’ਤੇ ਘਟੀਆਂ ਹਨ, ਜਿਨ੍ਹਾਂ ਨੇ ਮੇਰੀ ਚੇਤਨਾ ਨੂੰ ਸੱਟ ਮਾਰੀ ਤੇ ਉਹ ਅਚਨਚੇਤ ਹੀ ਕਵਿਤਾ ਦੇ ਰੂਪ ਵਿੱਚ ਲਿਖੀਆਂ ਜਾਂਦੀਆਂ ਰਹੀਆਂ ਹਨ। ਮੇਰੀ ਕਵਿਤਾ ਦਾ ਘੇਰਾ ਬੇਸ਼ੱਕ ਦੂਰ ਵਿਸ਼ਾਲ ਸੰਸਾਰ ਤੱਕ ਫੈਲਿਆ ਹੋਇਆ ਹੈ, ਜਿੱਥੇ ਵੀ ਮਨੁੱਖ ਸਾਹ ਲੈਂਦਾ ਹੈ। ਪਰ ਫਿਰ ਵੀ ਮੇਰੀ ਕਰਮ ਭੂਮੀ ਤੇ ਜਨਮਭੂਮੀ ਦੀਆਂ ਸਾਂਝਾ ਹਰ ਵਕਤ ਸਿਰ ਤੇ ਸਵਾਰ ਰਹਿੰਦੀਆਂ ਹਨ।ਇਹਨਾਂ ਦੀ ਪਰਿਕਰਮਾ ਕਰਦਿਆਂ ਇਹਨਾਂ ਵਿੱਚ ਹੋ ਰਹੇ ਜਬਰ ਜ਼ੁਲਮ, ਵਿਤਕਰੇ, ਉਤਪੀੜਨ, ਬੇਇਨਸਾਫ਼ੀ, ਸੋਸ਼ਣ, ਦਮਨ, ਤੇ ਨਾਬਰਾਬਰੀ ਵਰਗੀਆਂ ਅਲਾਮਤਾਂ ਜਿਹੜੀਆਂ ਪ੍ਰਕਿਰਤੀ ਦੇ ਜੀਣ ਨੂੰ ਦੁੱਭਰ ਕਰ ਰਹੀਆਂ ਹਨ, ਉਹਨਾਂ ’ਤੇ ਉਂਗਲ ਰੱਖਣਾ ਮੇਰਾ ਆਪਣਾ ਧਰਮ ਹੈ। ਉਹ ਸਿਸਟਮ ਜਿਸ ਵਿੱਚੋਂ ਇਹ ਦੁਸ਼ਵਾਰੀਆਂ ਦਾ ਆਗਾਜ਼ ਹੁੰਦਾ ਹੈ।

ਇਸ ਬੀਤੇ ਸਾਲਾਂ ਵਿੱਚ ਕਰੋਨੇ ਵਰਗੀਆਂ ਮਹਾਂਮਾਰੀਆਂ ਵਿੱਚ ਆਉਣ ਵਾਲੀਆਂ ਦੁਸ਼ਵਾਰੀਆਂ, ਸਰਕਾਰਾਂ ਦਾ ਰੋਲ, ਵਿਸ਼ਵ ਦਾ ਗੈਂਗਵਾਰਾਂ ਜਾਂ ਡਰੱਗਾਂ ਵਿੱਚ ਗ੍ਰਸਤ ਹੋਣਾ, ਲੋਕਾਂ ਦਾ ਨਿੱਜ ਪ੍ਰਸਤੀ ਵੱਲ ਨੂੰ ਜਾਣਾ, ਧਰਮਾਂ, ਜਾਤਾਂ, ਨਸਲਾਂ ਦੇ ਵਖਰੇਵੇਂ, ਗੰਦੀ ਰਾਜਨੀਤੀ, ਆਰਥਿਕ, ਸਮਾਜਿਕ, ਸਭਿਆਚਾਰਕ ਸੰਕਟ, ਮੰਡੀ ਦੀ ਆਪੋ ਧਾਪ ਆਦਿ ਵਿਸ਼ਿਆਂ ਨੂੰ ਆਪਣੇ ਨਜ਼ਰੀਏ ਤੋਂ ਛੋਹਣ ਦੀ ਕੋਸ਼ਿਸ਼ ਕੀਤੀ ਹੈ।ਇਸੇ ਤਰ੍ਹਾਂ ਹੀ ਕਿਸਾਨੀ ਸੰਘਰਸ਼ ਦੇ ਚੜ੍ਹਦੇ ਸੂਰਜ ਨੂੰ ਆਗਮਨ ਹੁੰਦਿਆਂ ਦੇਖ ਕੇ ਚਾਨਣ ਦੇ ਦੀਵਿਆਂ ਵਿੱਚ ਤੇਲ ਪਾਉਣ ਦੀ ਆਸ ਵੀ ਪ੍ਰਗਟਾਈ ਹੈ।ਉਪਭੋਗਤਾ ਦੀ ਮੰਡੀ ਵਿੱਚ ਮਨੁੱਖਤਾ ਦੀ ਪੈ ਰਹੀ ਕੀਮਤ ਜੋ ਕੌਡੀਆਂ ਭਾਅ ਹੋ ਰਹੀ ਹੈ। ਉਹਦੇ ਬਾਰੇ ਸੁਚੇਤ ਕਰਨ ਲਈ ਨਿੱਕਾ ਉਪਰਾਲਾ ਵੀ ਹੈ। ਜਿਹੜੇ

ਲੋਕ ਸਿਰਫ਼ ਜੀਣ ਲਈ ਕੰਮ ਕਰਕੇ ਸਿਰਫ਼ ਆਪਣਾ ਤੋਰੀ ਫੁਲਕਾ ਤੋਰਨ ਲਈ ਸਾਰੀ ਜ਼ਿੰਦਗੀ ਲਟਾਪੀਂਘ ਹੁੰਦੇ ਰਹਿੰਦੇ ਹਨ, ਜਿਨ੍ਹਾਂ ਕੋਲ ਇਹੋ ਜਿਹੇ ਗੰਭੀਰ ਮੁੱਦਿਆਂ ਬਾਰੇ ਸੋਚਣ ਦਾ ਸਮਾਂ ਹੀ ਨਹੀਂ। ਉਹਨਾਂ ਦੀ ਜ਼ਿੰਦਗੀ ਨੂੰ ਸੁਖਾਲ਼ੀ ਕਰਨ ਲਈ ਜਾਗਰੂਕਤਾ ਵਿੱਚ ਵਾਧਾ ਕਰਨ ਦੀ, ਉਹਨਾਂ ਦੀ ਸਰਲ ਤੇ ਸਾਦਾ ਭਾਸ਼ਾ ਵਿੱਚ ਜ਼ਰਾ ਜਿੰਨੀ ਕੋਸ਼ਿਸ਼ ਹੈ ਕਿ ਉਹ ਕਿਸੇ ਤਰੀਕੇ ਆਪਣੇ ਹੱਕਾਂ ਤੇ ਫਰਜ਼ਾਂ ਦਾ ਮੁਤਾਲਿਆ ਕਰ ਸਕਣ।

ਮੇਰੀ ਕਵਿਤਾ ਰਾਜਨੀਤੀ ਦੀ ਕਵਿਤਾ ਹੈ, ਮੈਨੂੰ ਲੱਗਦੈ ਕਿ ਇਸ ਕਵਿਤਾ ਦੀ ਬਹੁਤ ਲੋੜ ਹੈ। ਜਦੋਂ ਅਸੀਂ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਕਿ ਜਦੋਂ ਗੁਰੂ ਗੋਬਿੰਦ ਸਿੰਘ ਨੇ ਲੋਕਾਂ ਨੂੰ ਜਗਾਉਣਾ ਸੀ ਤਾਂ 'ਚੰਡੀ ਦੀ ਵਾਰ' ਲਿਖੀ ਤੇ ਸਾਡੇ ਗ਼ਦਰੀ ਬਾਬਿਆਂ ਨੇ ਲੋਕਾਂ ਨੂੰ ਅਜ਼ਾਦੀ ਦੀ ਟੁੰਬ ਲਾਉਣ ਲਈ ਗ਼ਦਰ ਦੀ ਕਵਿਤਾ ਲਿਖੀ। ਉਹ ਕਵਿਤਾ, ਹੋ ਸਕਦੈ ਕਿ ਕਵਿਤਾ ਦੇ ਤੱਤਾਂ ਤੋਂ ਊਣੀ ਹੋਵੇ ਪਰ ਉਹ ਜਾਗਣ ਦਾ ਹੋਕਾ ਸੀ ਤੇ ਲੋਕ ਸਮੇਂ ਸਮੇਂ ਤੇ ਜਾਗੇ ਵੀ, ਇਤਿਹਾਸ ਗਵਾਹ ਹੈ। ਮੈਂ ਵੀ ਚਾਹੁੰਦੀ ਹਾਂ ਕਿ ਉਹਨਾਂ ਦੇ ਨਕਸ਼ ਕਦਮਾਂ ਤੇ ਚਲਦੀ ਹੋਈ ਰਾਜਸੀ ਤੇ ਸਮਾਜਿਕ ਤਬਦੀਲੀ ਲਈ ਅਜਿਹੀ ਹੀ ਕਵਿਤਾ ਲਿਖਾਂ। ਮੈਂ ਹੀ ਕਿਉਂ ? ਸਭ ਕਵੀ ਆਪਣੀ ਤੀਸਰੀ ਅੱਖ ਨਾਲ ਦੇਖ ਕੇ ਇਹੋ ਜਿਹੀ ਕਵਿਤਾ ਲਿਖਣ। ਖਾਸ ਕਰਕੇ ਸਭ ਔਰਤਾਂ ਤਾਂ ਅਜਿਹੀ ਹੀ ਕਵਿਤਾ ਲਿਖਣ ਤਾਂ ਕਿ ਅਸੀਂ ਆਪਣੇ ਹੱਕ ਲੈ ਸਕੀਏ ਜੋ ਸਾਨੂੰ ਨਿਮਾਣੀ-ਨਿਤਾਣੀ ਕਹਿ ਕੇ ਹਾਸ਼ੀਏ 'ਤੇ ਰੱਖਿਆ ਜਾਂਦਾ ਹੈ।

ਮੈਂ ਆਪਣੀਆਂ ਰਚਨਾਵਾਂ ਨੂੰ ਕਵਿਤਾ ਕਹਾਂ ਜਾਂ ਮਨ ਦੇ ਵਲਵਲੇ ਜਿਹੜੇ ਦਿਨ ਰਾਤ ਮੇਰੇ ਮਨ ਵਿੱਚ ਖੌਰੂ ਪਾਉਂਦੇ ਹਨ ਕਿ ਮਨੁੱਖਤਾ ਦੀ ਬਿਹਤਰੀ ਕਿਵੇਂ ਹੋਵੇ। ਮੈਂ ਤਾਂ ਕਲਮ ਹੀ ਚੁੱਕਦੀ ਹਾਂ ਤੇ ਮੋਤੀ ਇਕੱਠੇ ਕਰਦੀ ਹਾਂ ਪਰ ਉਹਨਾਂ ਨੂੰ ਇੱਕ ਇੱਕ ਮੋਤੀ ਨੂੰ ਹਾਰ ਬਣਾਉਣ ਵਿੱਚ ਮੇਰਾ ਇਕੱਲੀ ਦਾ ਯੋਗਦਾਨ ਨਹੀਂ ਹੈ ਇਸ ਵਿੱਚ ਮੇਰਾ ਬਹੁਤ ਵੱਡਾ ਵਿਸ਼ਾਲ ਘੇਰਾ ਹੈ, ਜਿਸਦਾ ਮੈਂ ਹਰ ਵਕਤ ਤਨੋਂ-ਮਨੋਂ ਧੰਨਵਾਦ ਕਰਦੀ ਹੈ ਕਿ ਜੇ ਉਹ ਸਾਰੇ ਮੇਰੇ ਆਲ਼ੇ ਦੁਆਲ਼ੇ ਨਾ ਹੋਣ ਤਾਂ ਮੈਂ ਇਹ ਕਿਰਤ ਤੁਹਾਡੇ ਹੱਥਾਂ ਵਿੱਚ ਕਦੇ ਨਾ ਦੇ ਸਕਦੀ। ਇਹਨਾਂ ਵਿੱਚ ਪਹਿਲਾਂ ਮੇਰਾ ਜੀਵਨ ਸਾਥੀ ਮਲਕੀਤ ਤੇ ਮੇਰੇ ਚਾਰੇ ਬੱਚੇ ਜਾਸਮਿਨ, ਸੁਹੇਲ, ਸ਼ਾਨ ਤੇ ਅਨਮੋਲ ਜੋ ਮੇਰੀਆਂ ਰਚਨਾਵਾਂ ਦੀ ਅਲੋਚਨਾ ਵੀ ਕਰਦੇ ਹਨ, ਸੁਝਾਅ ਵੀ ਦਿੰਦੇ ਹਨ, ਆਪਣਾ ਕੀਮਤੀ ਸਮਾਂ, ਮਾਲੀ ਮੱਦਦ ਤੇ ਕੰਮਪਿਊਟਰ ਦੀਆਂ ਬੇਸ਼ਕੀਮਤੀ ਸੇਵਾਵਾਂ ਦੇ ਕੇ ਮੇਰਾ ਹੌਂਸਲਾ ਬੁਲੰਦ ਕਰਦੇ ਹਨ। ਜਸਵੀਰ ਮੰਗੂਵਾਲ ਜਿਸਦੇ ਸੁਝਾਵਾਂ ਤੋਂ ਬਿਨਾਂ ਮੇਰਾ ਇੱਕ ਅੱਖਰ ਵੀ ਪਾਸ ਨਹੀਂ ਹੋ ਸਕਦਾ। ਉਸਦਾ ਸਮਾਂ, ਉਸਦੀ ਹਰ ਤਰ੍ਹਾਂ ਦੀ ਮੱਦਦ, ਹੌਂਸਲਾ ਮੇਰੀਆਂ ਲਿਖਤਾਂ ਵਿੱਚ ਮੇਰੇ ਵਿਚਾਰਾਂ ਦੀ ਪ੍ਰਪੱਕਤਾ ਨੂੰ ਹੋਰ ਦੂਣ ਸਵਾਇਆ ਕਰਦਾ ਹੈ। ਲੇਖਕ ਮੰਚ, ਕੇਂਦਰੀ ਲਿਖਾਰੀ

ਸਭਾ ਉੱਤਰੀ ਅਮਰੀਕਾ ਤੇ ਸਾਹਿਤ ਸਭਾ ਸਰੀ ਆਦਿ ਜੋ ਮੇਰੀਆਂ ਰਚਨਾਵਾਂ ਸੁਣਨ ਲਈ ਮੈਨੂੰ ਪਲੈਟਫਾਰਮ ਦਿੰਦੇ ਹਨ ਜਿੱਥੇ ਮੈਂ ਆਪਣੀਆਂ ਗਲਤੀਆਂ ਵਿੱਚ ਸੋਧਾਂ ਕਰ ਸਕਦੀ ਹਾਂ। ਤਰਕਸ਼ੀਲ ਸੁਸਾਇਟੀ ਤੇ ਈਸਟ ਇੰਡੀਅਨ ਡੀਫੈਂਸ ਕਮੇਟੀ ਦੇ ਮੈਂਬਰਾਂ ਵਲੋਂ ਦਿੱਤੇ ਸੁਝਾਵਾਂ ਨੂੰ ਵੀ ਮੈਂ ਅੱਖੋਂ-ਪਰੋਖੇ ਨਹੀਂ ਕਰ ਸਕਦੀ। ਡਾ. ਕਮਲਜੀਤ ਢਿੱਲੋਂ, ਡਾ. ਸੁਖਦੇਵ ਸਿਰਸਾ, ਅਜਮੇਰ ਸਿੱਧੂ, ਨਿਰਮਲ ਕਿੰਗਰਾ ਹੋਰਾਂ ਦੀ ਵੀ ਮੈਂ ਦਿਲੋਂ ਰਿਣੀ ਹਾਂ, ਜਿਨ੍ਹਾਂ ਨੇ ਇਹ ਕਿਤਾਬ ਦਾ ਖਰੜਾ ਪੜ੍ਹ ਕੇ ਹੱਲਾਸ਼ੇਰੀ ਦਿੱਤੀ, ਸੁਝਾਅ ਵੀ ਦਿੱਤੇ ਤੇ ਇਸ ਪੁਸਤਕ ਨੂੰ ਛਪਣ ਦੇ ਯੋਗ ਵੀ ਕਿਹਾ ਹੈ। ਇਸ ਪੁਸਤਕ ਬਾਰੇ ਆਪਣੇ ਲਿਖਤੀ ਵਿਚਾਰ ਵੀ ਸ਼ਾਮਲ ਕੀਤੇ ਹਨ। ਆਖਿਰ ਵਿੱਚ ਸਪਤਰਿਸ਼ੀ ਪਬਲੀਕੇਸ਼ਨ ਦੇ ਬਲਦੇਵ ਹੋਰਾਂ ਦੀ ਮੈਂ ਦਿਲੋਂ ਰਿਣੀ ਹਾਂ ਜਿਨ੍ਹਾਂ ਨੇ ਇਸ ਖਰੜੇ ਨੂੰ ਕਿਤਾਬੀ ਰੂਪ ਦਿੱਤਾ ਹੈ, ਜਿਸ ਵਜ੍ਹਾ ਕਰਕੇ ਹੀ ਇਹ ਕਿਤਾਬ ਤੁਹਾਡੇ ਹੱਥਾਂ ਵਿੱਚ ਪਹੁੰਚੀ ਹੈ। ਮੈਂ ਸਾਰਿਆਂ ਦੀ ਬਹੁਤ ਬਹੁਤ ਧੰਨਵਾਦੀ ਹਾਂ। ਹੁਣ ਇਹ ਤੁਹਾਡੀ ਕਚਹਿਰੀ ਵਿੱਚ ਹੈ ਇਸ ਬਾਰੇ ਤੁਹਾਡੇ ਸੁਝਾਵਾਂ ਤੇ ਸਹਿਯੋਗ ਦੀ ਉਡੀਕ ਰਹੇਗੀ...।

**ਪਰਮਿੰਦਰ ਕੌਰ ਸਵੈਚ**

## ਸਵੈ ਦੀ ਸ਼ਨਾਖ਼ਤ

ਪੜ੍ਹ ਰਹੀ ਹਾਂ ਕਈ ਦਿਨਾਂ ਤੋਂ
ਸਾਹਸੀ, ਸੂਰਬੀਰ, ਦੇਸ਼ ਭਗਤ ਦੀ
ਜ਼ਿੰਦਗੀ ਦਾ ਸਿਰਨਾਵਾਂ
ਸਰਸ਼ਾਰ ਹਾਂ ਉਸਦੀ
ਹਿੰਮਤ, ਦਲੇਰੀ ਤੇ ਸੂਝ ਤੋਂ
ਨਾਂ ਸੀ ਜਿਸਦਾ ਅਰਨੈਸਟੋ ਚੀ ਗੁਵੇਰਾ।

ਜੰਮਣ ਭੋਂਇ ਨੂੰ ਛੱਡ ਕੇ
ਉਹ ਲੜਿਆ ਮਨੁੱਖਤਾ ਦੀ
ਅਜ਼ਾਦੀ ਤੇ ਮੁਢਲੀਆਂ ਲੋੜਾਂ ਲਈ
ਉਹ ਧਰਤੀ ਕਿਊਬਾ ਦੀ ਹੋਵੇ
ਜਾਂ ਬੁਲੀਵੀਆ ਦੀ
ਤੋੜਨਾ ਚਾਹੁੰਦਾ ਸੀ ਉਹ
ਹੱਦਾਂ, ਸਰਹੱਦਾਂ, ਭਾਸ਼ਾਵਾਂ
ਰੰਗਾਂ, ਨਸਲਾਂ, ਧਰਮਾਂ ਦੇ ਵਖਰੇਵੇਂ
ਹਿੱਕ ਡਾਹੀ ਸੀ ਉਸ
ਇਕੱਲੇ ਆਪਣੇ ਪੈਦਾ ਕੀਤੇ ਬੱਚਿਆਂ ਲਈ ਨਹੀਂ
ਸਗੋਂ ਦੁਨੀਆਂ ਭਰ ਦੇ ਭਵਿੱਖ ਲਈ।

ਕਰ ਰਹੀ ਹਾਂ ਮਾਣ ਮਹਿਸੂਸ
ਉਸ ਯੋਧੇ ਤੇ, ਉਸਦੀ ਸੋਚ ਤੇ
ਬਣਾ ਬੈਠਦੀ ਹਾਂ ਮਨ ਹੀ ਮਨ
ਆਪਣੇ ਆਪ ਨੂੰ ਉਸਦੀ ਪੈਰੋਕਾਰ।

ਮੇਰੀ ਬੇਟੀ 'ਹਾਏ ਮਾਮ' ਕਹਿ
ਤੋੜਦੀ ਹੈ ਮੇਰੀ ਬਿਰਤੀ
ਮੈਂ ਪੁਸਤਕ ਦਾ ਵਰਕਾ ਮੋੜ
ਪਰਤਦੀ ਹਾਂ ਪਾਸਾ ਉਸਦੀ ਗੱਲ ਸੁਣਨ ਲਈ
ਉਹ ਕਹਿੰਦੀ ਹੈ,
"ਮਾਂ ਮੈਂ ਤੁਹਾਨੂੰ ਕੁੱਝ ਦੱਸਣੈ
ਗੁੱਸਾ ਨਾ ਕਰਿਓ

ਨਿਰਾਸ ਨਾ ਹੋਇਓ।"

ਮੇਰੇ ਜ਼ਿਹਨ ਵਿੱਚ ਉੱਗ ਪੈਂਦੇ ਨੇ
ਡਰ ਦੇ ਕੰਡਿਆਲੇ ਰਾਹ
ਖੂੰਖਾਰ ਜੁਬਾੜੇ ਜੋ
ਕਰ ਦੇਣਗੇ ਖੱਖੜੀ-ਖੱਖੜੀ
ਸੂਤੇ ਗਏ ਨੇ ਸਾਹ
ਛਾ ਗਈ ਹੈ ਪਲੱਤਣ
ਉੱਡ ਰਹੀਆਂ ਨੇ ਮੇਰੇ ਮੂੰਹ ਤੋਂ ਹਵਾਈਆਂ
ਕਿਉਂ ?
ਮੈਂ ਧੀ ਦੀ ਮਾਂ ਜੂੰ ਹਾਂ।

ਬੇਟੀ ਕਹਿੰਦੀ ਹੈ,
"ਮਾਂ ਰੀਲੈਕਸ, ਡੌਂਟ ਵਰੀ
ਐਡਾ ਵੀ ਕੁੱਝ ਨਹੀਂ ਕਿ
ਤੁਹਾਡੀ ਜ਼ਿੰਦਗੀ ਹੋ ਜਾਵੇ ਉੱਥਲ-ਪੁੱਥਲ
ਫੇਲ੍ਹ ਕਰ ਆਵਾਂ ਮੈਂ ਸਲਾਨਾ ਇਮਤਿਹਾਨ
ਯਕਲ਼ਖਤ ਖ਼ਤਮ ਕਰ ਲਈ ਹੋਵੇ ਮੈਂ
ਅਗਲੇ ਸਾਲਾਂ ਦੀ ਜਮ੍ਹਾਂ ਪੂੰਜੀ
ਇਹ ਵੀ ਨਹੀਂ ਕਿ
ਬਣੀ ਹੋਵਾਂ ਬੱਚੇ ਦੀ ਅਣਵਿਆਹੀ ਮਾਂ।"

ਮੇਰੀ ਦੁਬਿਧਾ ਘੱਟਦੀ ਨਹੀਂ
ਮੇਰੀਆਂ ਡੌਰ ਭੌਰ ਅੱਖਾਂ ਵਿੱਚ ਅੱਖਾਂ ਪਾ ਕੇ
ਮੁਸਕਰਾ ਕੇ ਉਹ ਕਹਿੰਦੀ ਹੈ,
"ਮਾਂ ਮੈਨੂੰ ਇੱਕ ਗੋਰਾ ਬੋਆਏ ਫਰੈਂਡ ਮਿਲ ਗਿਆ ਹੈ।"

ਮੇਰੀ ਠਾਕੀ ਗਈ ਹੈ ਜੀਭ
ਛਾ ਗਿਆ ਹੈ ਸੰਨਾਟਾ ਮੂੰਹ 'ਤੇ
ਪ੍ਰਗਤੀਸ਼ੀਲ਼ ਸੋਚ
ਉੱਡ ਚੁੱਕੀ ਹੈ ਖੰਭ ਲਾ ਕੇ
ਧੀ ਦੀਆਂ ਸਵਾਲੀਆ ਨਜ਼ਰਾਂ
"ਕੀ ਤੁਸੀਂ ਨਿਰਾਜ ਹੋ?"
ਮੈਂ ਹੀਣੀ ਜਿਹੀ ਹੋ ਕਹਿ ਦਿੰਦੀ ਹਾਂ,
"ਮੈਨੂੰ ਦਿੱਕਤ ਹੈ ਬੋਲੀ ਦੀ।"

ਉਹ ਕਹਿੰਦੀ ਹੈ,
"ਮਾਂ ਮਨੁੱਖਤਾ ਦੇ ਪਿਆਰ ਲਈ
ਲੋੜ ਹੈ ਦਿਲਾਂ ਦੀ ਪ੍ਰਵਾਨਗੀ ਦੀ
ਪਿਆਰਾਂ ਦੀ ਪਾਕੀਜ਼ਗੀ ਦੀ
ਪ੍ਰਪੱਕ ਸਾਂਝੇ ਵਿਚਾਰਾਂ ਦੀ
ਜਜ਼ਬਾਤ ਦੀ, ਸੁੱਚੀਆਂ ਭਾਵਨਾਵਾਂ ਦੀ
ਬੋਲੀਆਂ ਦੀ ਨਹੀਂ
ਪਸ਼ੂ-ਪੰਛੀ ਕਿਹੜਾ ਬੋਲਦੇ ਹਨ ਭਾਸ਼ਾਵਾਂ।"

ਮੈਂ ਸੀਤੇ ਬੁੱਲ੍ਹਾਂ ਵਿੱਚੋਂ ਨਿਰਸ਼ਬਦ 'ਹੂੰਅ' ਕਹਿ
ਦੇਖ ਰਹੀ ਹਾਂ ਉਕਰੇ
ਜਾਂਦੀ ਧੀ ਦੇ ਚਿਹਰੇ ਤੇ
ਹੌਂਸਲੇ ਤੇ ਦਲੇਰੀ ਦੇ ਸ਼ਬਦ

ਮੇਰੇ ਹੱਥ ਵਿਚਲੀ ਕਿਤਾਬ
ਹੋ ਗਈ ਹੈ ਮਣਾਂ-ਮੂੰਹ ਭਾਰੀ
ਕਿਰ ਗਏ ਹਨ ਸ਼ਬਦ
ਜ਼ਿਹਨ ਵਿੱਚੋਂ ਇੱਕ ਇੱਕ ਕਰਕੇ
ਬੌਣਾ ਹੋ ਗਿਆ ਹੈ ਮੇਰਾ ਬੌਧਿਕ ਕੱਦ
ਬਣਾ ਦਿੱਤਾ ਹੈ ਜਮਾਂਦਰੂ ਸਿਉਂਕ ਨੇ
ਮੇਰੀ ਸੋਚ ਨੂੰ ਮਿੱਟੀ ਦੀ ਢੇਰੀ
ਥੋਥੀ, ਖੋਖਲੀ ਹੋ ਗਈ ਹੈ
ਚੀ ਗੁਵੇਰੇ ਦੀ ਪੈਰੋਕਾਰ।

ਤ੍ਰਬਕ ਕੇ ਦੇਖਿਆ-
ਕਿ ਮੁੜਿਆ ਵਰਕਾ ਮੇਰੀ ਬੇਟੀ ਨੇ
ਜ਼ਿੰਦਗੀ ਦੀ ਕਿਤਾਬ ਖੋਲ੍ਹ ਕੇ
ਕਰ ਦਿੱਤਾ ਹੈ ਸਿੱਧਾ
ਮੇਰੇ ਸਵੈ ਦੀ ਸ਼ਨਾਖ਼ਤ ਦੇ ਪੰਨੇ ਤੇ।

## ਕੌਣ ਹਨ ਇਹ ਔਰਤਾਂ ?

ਅੱਜ ਤੱਕ ਦੇਖਦੇ ਸੀ--
ਸਮਾਜ ਵਲੋਂ ਮਹਿਜ਼
ਆਟੇ ਦੇ ਪੇੜੇ ਜਿੰਨੀ ਮੋਹਤਾਜ਼ ਔਰਤ
ਜਿਸਨੂੰ ਅੰਦਰ ਚੂਹਿਆਂ ਤੇ
ਬਾਹਰ ਡਰ ਹੈ ਕਾਵਾਂ ਤੋਂ
ਜੋ ਪੱਲੇ ਬੰਨ੍ਹ ਕੇ ਵੀ ਤੁਰਦੀ ਹੈ
ਡੋਲ਼ੀ ਤੁਰਨ ਤੇ ਜਿਉਂਦੇ ਜੀਅ
ਨਾ ਮੁੜ ਕੇ ਆਉਣ ਦੀ ਨਸੀਹਤ
'ਮੇਰਾ ਘਰ ਕਿਹੜਾ ?' ਦੀ
ਸ਼ਨਾਖ਼ਤ ਕਰਦੀ ਕਰਦੀ
ਸੱਧਰਾਂ ਦੇ ਅਸਮਾਨ ਥੱਲੇ
ਇੱਕ ਘਰ ਤੋਂ ਦੂਜੇ ਘਰ ਦੀ
ਦੂਰੀ ਨਾਪ ਦੀ
ਇੱਜ਼ਤ ਨਾਲ ਜੀਣ ਦੀ ਇੱਛਾ ਪਾਲ਼ਦੀ-ਪਾਲ਼ਦੀ
ਲੋਕ ਲੱਜਿਆ ਦੇ ਠੀਕਰੀ ਪਹਿਰੇ ਹੇਠ
ਸਮਾਜ ਵਿੱਚ ਦੋਮ-ਦਰਜੇ
ਦੀਆਂ ਮਾਰਾਂ ਸਹਿੰਦੀ
ਚੁੱਪ-ਗੜੁੱਪ ਦੰਦਾਂ ਵਿੱਚ ਜੀਭ ਲੈ ਕੇ
ਪੀ ਜਾਂਦੀ ਸੀ ਸਾਰੀ ਦੀ ਸਾਰੀ ਪੀੜ੍ਹ।

ਪਰ ਇਹ ਕੌਣ ਨੇ ?
ਹਰੀਆਂ, ਪੀਲੀਆਂ, ਮਜੀਠ ਚੁੰਨੀਆਂ ਵਾਲੀਆਂ ਔਰਤਾਂ
ਜਿਨ੍ਹਾਂ ਨੇ ਫੜੇ ਹਨ ਹੱਥਾਂ ਵਿੱਚ ਝੰਡੇ
ਸਾਜ਼ਸ਼ਾਂ, ਹਕੀਕਤਾਂ ਦੇ ਅੰਗ-ਸੰਗ
ਸੰਘਰਸ਼ਾਂ ਦੇ ਗੀਤ, ਬੋਲੀਆਂ, ਗਿੱਧੇ ਪਾਉਂਦੀਆਂ

ਸਿਰਾਂ ਤੇ ਮੰਢਾਸੇ ਬੰਨ੍ਹ, ਟਰੈਕਟਰ ਚਲਾਉਂਦੀਆਂ
ਸਟੇਜਾਂ ਤੇ ਚੜ੍ਹ ਹਾਕਮ ਨੂੰ ਵੰਗਾਰਦੀਆਂ

ਲ਼ੋਕ ਏਕੇ ਦਾ ਝੰਡਾ ਲਹਿਰਾਉਂਦੀਆਂ
ਇਹ ਕੌਣ ਹਨ ?

ਇਹ ਕੌਣ ਹਨ ?
ਨਵੀਆਂ ਪਿਰਤਾਂ ਪਾਈਆਂ ਹਨ ਜਿਨ੍ਹਾਂ
ਤੋੜਿਆ ਹੈ ਮਨੂਵਾਦੀ ਢਾਂਚੇ ਨੂੰ
ਜਿਨ੍ਹਾਂ ਦੀ ਜੀਣ ਇੱਛਾ ਨੇ
ਸਮੇਂ ਦੇ ਧੁਆਂਖੇ ਵਰ੍ਹਿਆਂ ਤੇ
ਖਿਲਾਰੀ ਹੈ ਲੱਪ ਚਾਨਣਾਂ ਦੀ।
ਇਹ ਕੌਣ ਹਨ ?

ਇਹ ਔਰਤਾਂ ਕੌਣ ਹਨ ?
ਜੋ ਦਿੰਦੀਆਂ ਹਨ ਰੁੱਕਾ ਸਾਥੀ ਨੂੰ
ਜਿੱਤ ਕੇ ਆਵੀਂ, ਖਾਲੀ ਕਦੇ ਨਾ ਮੁੜੀਂ
ਪਰਵਾਹ ਨਾ ਕਰੀਂ ਘਰ ਬਾਰ ਦੀ
ਫਸਲਾਂ ਨੂੰ ਪਾਲੂੰਗੀ ਬੱਚਿਆਂ ਵਾਂਗ
ਜੁਗੜਿਆਂ ਤੋਂ ਦੱਬਿਆ ਹੌਂਸਲਾ
ਉਮੜਿਆ ਹੈ ਜਿੱਤ ਦੀਆਂ ਬਰੂਹਾਂ 'ਤੇ
ਇਸਦੀ ਆਮਦ ਨਾਲ ਹਿੱਲਿਆ ਹੈ
ਹਾਕਮ ਤੇ ਉਸਦਾ ਤਖ਼ਤ
ਕਹਿੰਦਾ ਹੈ, "ਔਰਤਾਂ, ਬੱਚੇ ਘਰ ਚਲੇ ਜਾਣ।"

ਇਹ ਕੌਣ ਹਨ ?
ਇਹਨਾਂ ਔਰਤਾਂ ਜਿਨ੍ਹਾਂ ਧੋ ਸੁੱਟਿਆ ਹੈ
ਝਗੜਾਲੂ, ਈਰਖਾਲੂ, ਬਾਤੂਨੀ ਵਰਗੇ
ਕਲੰਕਤ ਵਿਸ਼ੇਸ਼ਣਾਂ ਨੂੰ
ਹੁਣ ਇਹ ਪੁੱਤ ਪੋਤਿਆਂ ਦੀਆਂ ਅਰਥੀਆਂ ਤੇ
ਵੈਣਾਂ ਦੀ ਥਾਂ ਲਾਉਂਦੀਆਂ ਹਨ ਰੋਹ ਵਿੱਚ
ਲੋਕ ਏਕਤਾ ਤੇ ਜ਼ਿੰਦਾਬਾਦ ਦੇ ਨਾਹਰੇ
ਮੋਢੇ 'ਤੇ ਹੱਥ ਰੱਖ ਕੇ
ਦੱਸਦੀਆਂ ਹਨ ਸਭ ਨੂੰ

ਢੰਗ ਅੱਥਰੂ ਪੀਣ ਦੇ ਵੀ।
ਇਹ ਕੌਣ ਹਨ ?

ਇਹ ਕੌਣ ਹਨ ?
ਮਾਈ ਭਾਗੋ, ਮਾਤਾ ਗੁਜਰੀ, ਸਵਿੱਤਰੀ ਬਾਈ ਫੂਲੇ,
ਕੇਵਲ ਕੌਰ, ਦੁਰਗਾ ਭਾਬੀ, ਰਾਣੀ ਝਾਂਸੀ,
ਗੁਲਾਬ ਕੌਰ ਦੀਆਂ ਇਹ ਵਾਰਸਾਂ
ਜੋ ਤਲਖ਼ੀਆਂ ਨਾਲ ਜੂਝਦੀਆਂ
ਮੱਥਿਆਂ ਵਿੱਚ ਉੱਗੇ ਇਨਕਲਾਬ ਦੇ
ਛੁਪੇ ਸੂਰਜ ਨੂੰ ਪੂਜਦੀਆਂ, ਅਰਘ ਲਾਉਂਦੀਆਂ,
ਚੜ੍ਹਦੀ ਲਾਲੀ ਦੇ ਸਵਾਗਤ ਲਈ।

ਇਹ ਕੌਣ ਹਨ ?
ਸਿਰੜਾਂ ਦੀ ਭੱਠੀ ਵਿੱਚ ਆਪੇ ਨੂੰ ਝੋਕਦੀਆਂ
ਆਪਣੇ ਵਾਰਸਾਂ ਦੇ ਸੁਪਨੇ
ਅੱਖਾਂ ਵਿੱਚ ਸਜਾਈ
ਸਬਰ ਨਾਲ, ਸੰਤੋਖ ਨਾਲ ਕਹਿੰਦੀਆਂ ਹਨ
ਜਿੱਤ ਕੇ ਜਾਵਾਂਗੇ, ਨਹੀਂ ਤਾਂ ਨਾ ਸਹੀ
ਦਕੀਆਨੂਸੀ ਪ੍ਰੰਪਰਾਵਾਂ ਤੇ ਮਿਥਿਹਾਸ,
ਧਰਤੀ ਬਲਦ ਨੇ ਸਿੰਗਾਂ ਤੇ ਚੁੱਕੀ ਨੂੰ
ਮੁੱਢੋਂ-ਸੁੱਢੋਂ ਨਿਕਾਰਦੀਆਂ
ਲਾਲ ਸਿੰਘ ਦਿਲ ਦੀ ਕਵਿਤਾ ਦੀਆਂ ਇਹ ਪਾਤਰ
ਜਿਨ੍ਹਾਂ ਧਰਤੀ ਆਪਣੇ ਮੋਢਿਆਂ 'ਤੇ ਹੈ ਚੁੱਕੀ
ਇਹ ਉਹੀ ਹਨ ਸਿਰੜੀ ਔਰਤਾਂ,
ਇਹ ਉਹੀ ਹਨ ਸਿਰੜੀ ਔਰਤਾਂ।

*(ਅੰਤਰਰਾਸ਼ਟਰੀ ਔਰਤ ਦਿਵਸ ਤੇ*
*ਮੋਰਚੇ 'ਤੇ ਬੈਠੀਆਂ ਭੈਣਾਂ ਲਈ)*

## ਜੇਕਰ ਅਸੀਂ ਉੱਠੇ ਨਹੀਂ ਤਾਂ-

ਜੇਕਰ ਅਸੀਂ ਉੱਠੇ ਨਹੀਂ ਤਾਂ-
ਖੋਹ ਲਈ ਜਾਵੇਗੀ
ਸਾਡੀ ਸੋਚਣ ਸ਼ਕਤੀ
ਪਾਗਲ ਦਾ ਖ਼ਿਤਾਬ ਦੇ ਕੇ
ਡੱਕ ਦਿੱਤਾ ਜਾਵੇਗਾ
ਕਿਸੇ ਪਾਗਲਖ਼ਾਨੇ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਪੈ ਜਾਵੇਗੀ ਸਾਡੀਆਂ
ਚੇਤਨ ਕਲਮਾਂ ਨੂੰ ਮਾਰ
ਦੇ ਕੇ ਦੇਸ਼ ਧ੍ਰੋਹੀ ਦਾ ਫ਼ਤਵਾ
ਡੱਕ ਦਿੱਤਾ ਜਾਵੇਗਾ
ਅੰਡਾ ਜੇਲ੍ਹ ਵਿੱਚ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਖੋਹ ਲਈ ਜਾਵੇਗੀ
ਸਾਡੀ ਸੁਣਨ ਸ਼ਕਤੀ
ਬਹਿਰੇ ਬਣਾ ਕੇ
ਢਾਲ਼ ਦਿੱਤਾ ਜਾਵੇਗਾ
ਕੰਨਾਂ ਵਿੱਚ ਤਪਦਾ ਸਿੱਕਾ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਕੱਟ ਦਿੱਤੀ ਜਾਵੇਗੀ
ਸਾਡੀ ਜੀਭ ਜੋ ਕਰਦੀ ਹੈ ਹਿੰਮਤ
ਸੱਚ ਨੂੰ ਸੱਚ ਕਹਿਣ ਦੀ
ਹੱਕ ਨੂੰ ਹੱਕ ਕਹਿਣ ਦੀ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਕਰ ਦਿੱਤਾ ਜਾਵੇਗਾ
ਪੰਜ ਸੌ ਵਾਟ੍ਹ ਦੇ ਬੱਲਬਾਂ ਨਾਲ
ਅੱਖਾਂ ਤੋਂ ਅੰਨ੍ਹੇ,
ਦੇਖ ਨਹੀਂ ਸਕਾਂਗੇ
ਭਗਵਾਂ ਨੰਗਾ ਨਾਚ
ਜੋ ਟੰਗ ਦੇਵੇਗਾ ਸਾਨੂੰ
ਤ੍ਰਿਸ਼ੂਲ ਦੀ ਨੋਕ ਤੇ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਪੈ ਜਾਣਗੇ ਵਿਦਰੋਹ ਨੂੰ ਸੰਗਲ਼
ਮਰ ਜਾਵੇਗਾ ਸਵੈਮਾਣ
ਅਣਿਆਈ ਮੌਤੇ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਸਾਡੇ ਵਿਚਾਰਾਂ ਦੀ ਜੰਗ ਨੂੰ
ਖਾ ਜਾਵੇਗਾ ਘੁਣ
ਚੇਤਨਤਾ ਦੇ ਜ਼ਖ਼ੀਰਿਆਂ ਦੀ
ਲੱਗੇਗੀ ਬੋਲੀ ਦਿਨ-ਦੁਪਹਿਰੇ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਜਾਣਾ ਪਵੇਗਾ ਕੰਪਨੀ ਦੇ ਖੇਤ
ਢਿੱਡ ਦੇ ਝੁਲਕੇ ਲਈ
ਸ਼ਰਮਿੰਦਾ ਹੋਵੇਗੀ ਮੱਕੀ ਦੇ ਖੇਤਾਂ ਵਿੱਚ,
ਦੋਧਿਆਂ ਦੀ ਭਿੰਨੀ ਭਿੰਨੀ ਸੁਗੰਧ
ਉਦਾਸ ਹੋਵੇਗੀ ਪੈਰਾਂ 'ਚ ਵਿਛੀ ਗਧਾ ਵੇਲ
ਸਾਡੇ ਮੁੜ੍ਹਕੇ ਦੀ ਖੁਸ਼ਬੋ ਪਛਾਣ ਕੇ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਸਦੀਆਂ ਤੋਂ ਪੈਲ਼ੀਆਂ ਵਿੱਚ
ਦੱਬੀਆਂ ਰੀਝਾਂ
ਵੱਟਾਂ ਬੰਨਿਆਂ ਦਾ ਮੋਹ
ਸਾਡੀ ਨੀਵੀਂ ਧੌਣ ਦੇਖਕੇ

ਕੁਰਲਾ ਉੱਠੇਗਾ,
ਪਾਵੇਗਾ ਵੈਣ ਧੁਰ ਸੀਨੇ ਤੋਂ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਸੰਘੀ ਫਿਰਕੂ ਜ਼ਹਿਰਾਂ
ਧਾਰਨਗੀਆਂ ਰੂਪ ਮੱਕੜੀ ਜਾਲ਼ ਦਾ
ਫਸ ਜਾਵਾਂਗੇ ਜ਼ਿੰਦਾ,
ਮੁਰਦੇ ਵਾਂਗ
ਸਲੀਬ ਤੇ ਲਟਕੇ ਈਸਾ ਦੀ ਤਰ੍ਹਾਂ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਉਹ ਲੈ ਜਾਣਗੇ ਸਾਡੇ
ਤਨ ਤੇ ਮਨ ਦੇ ਕੱਜਣ
ਕਰ ਦੇਣਗੇ ਅਲਫ਼ ਨੰਗੇ
ਬਿਨ ਪੋਤੜਿਆਂ ਦੇ
ਪਾ ਦੇਣਗੇ ਜੰਗਲ ਦੇ ਰਾਹ
ਜਿੱਥੋਂ ਤੁਰਿਆ ਸੀ
ਮਨੁੱਖ ਨੰਗ-ਮੁਨੰਗਾ।

ਇਸ ਲਈ ਹੁਣ ਉੱਠਣ ਦਾ ਵੇਲ਼ਾ ਹੈ,
ਉਠਾਉਣ ਦਾ ਵੇਲ਼ਾ ਹੈ
ਕੁੰਭਕਰਨੀ ਨੀਂਦੋਂ ਜਾਗਣ ਦਾ ਵੇਲ਼ਾ ਹੈ
ਜਗਾਉਣ ਦਾ ਵੇਲ਼ਾ ਹੈ
ਸੁੱਤੀ ਚੇਤਨਾ ਨੂੰ ਟੁੰਬਣ ਦਾ ਵੇਲ਼ਾ ਹੈ
ਉੱਠਣ ਦਾ ਵੇਲ਼ਾ ਹੈ,
ਉਠਾਉਣ ਦਾ ਵੇਲ਼ਾ ਹੈ।

## ਪਹੁ-ਫੁਟਾਲਾ

ਇੱਕ ਦਿਨ ਤਾਂ ਪਹੁ-ਫੁੱਟਣੀ ਹੀ ਹੈ ਸੁਰਖ਼ ਸਵੇਰੇ ਦੀ।
ਤੱਤੀਆਂ 'ਵਾਵਾਂ ਦੇ ਰਹੀਆਂ ਨੇ, ਭਿਣਕ ਅਗੇਰੇ ਦੀ।
ਜਲ-ਥਲ, ਜੰਗਲ ਸਾਰੇ, ਗਿਰਵੀ ਧਰ ਦਿੱਤੇ,
ਖ਼ਬਰਦਾਰ ਹੋ! ਕਿੱਥੇ ਕਿੱਥੇ ਹੈ ਅੱਖ ਲੁਟੇਰੇ ਦੀ।
ਹੜ੍ਹ ਲੋਕਾਂ ਦਾ ਵਗ ਤੁਰਿਆ ਹੈ, ਹਾਕਮ ਦੇ ਮਹਿਲਾਂ ਨੂੰ,
ਵੱਟਾਂ ਬੰਨੇ ਤੋੜ ਤੁਰੇਗਾ, ਤਾਬ ਨਾ ਝੱਲਣੀ ਘੇਰੇ ਦੀ।
ਆਇਆ ਹੈ ਹੁਣ ਵੇਲਾ, ਦੋ ਟੁੱਕ ਨਿਰਣਾ ਕਰਨੇ ਦਾ,
ਏਕੇ ਦੀ ਹੈ ਲੋੜ, ਜ਼ਰੂਰਤ ਵੱਡੇ ਜੇਰੇ ਦੀ।
ਕੋਠੇ ਚੜ੍ਹ ਕੇ ਦੇਖੋ ਨੀ ਕੁੜੀਓ, ਚੰਨ ਕਿਵੇਂ ਦਾ ਚੜ੍ਹਿਆ?
ਸੂਹੇ ਰੰਗ ਵਿੱਚ ਰੰਗਿਆ ਇਹ ਤਾਂ, ਦੱਸੇ ਲਿਸ਼ਕ ਬਨੇਰੇ ਦੀ।
ਸਾਡੇ ਚਿੰਤਨ ਦੇ ਸੂਰਜ ਨੇ, ਚਾਨਣ ਚਾਨਣ ਕਰ ਦਿੱਤਾ ਹੈ,
ਕਾਲਖ਼ ਮੇਟ ਦਿਆਂਗੇ ਸਾਰੀ, ਕੀ ਔਕਾਤ ਹਨ੍ਹੇਰੇ ਦੀ?
ਦਿੱਲੀ ਦੀ ਸੀਮਾ 'ਤੇ ਵੀਰਾ, ਤੂੰ ਸੰਘਰਸ਼ ਮੱਘਾਈ ਜਾ,
ਪਿੱਛੇ ਦੀ ਨਾ ਸੋਚ, ਕਰੂੰਗੀ ਰਾਖੀ ਖੇਤ ਮੈਂ ਤੇਰੇ ਦੀ।
ਹਰ ਹਾਲਤ ਤੋੜਨੀ ਪੈਣੀ, ਇਹ ਜ਼ੰਜ਼ੀਰ ਗ਼ੁਲਾਮੀ ਦੀ,
ਆ ਜੋ ਮਿਲ ਕੇ ਰਾਖੀ ਕਰੀਏ, ਆਪਣੇ ਚਾਰ ਚੁਫ਼ੇਰੇ ਦੀ।

# ਜ਼ਰਦ ਰੰਗ

ਭੱਜੀਆਂ ਫਿਰਦੀਆਂ ਹਨ ਮਾਂਵਾਂ
ਨਿੱਕੇ ਨਿੱਕੇ ਬੱਚਿਆਂ ਨੂੰ ਉਂਗਲੀ ਲਾ
ਸਕੂਲਾਂ, ਸਵਿਮਿੰਗ ਪੂਲਾਂ,
ਪਲੇ ਗਰਾਊਂਡਾਂ, ਗਿੱਧੇ ਭੰਗੜਿਆਂ ਲਈ।

ਬਾਪ ਵਿਅਸਤ ਹਨ
ਕੰਮ ਦੇ ਓਵਰ ਟਾਈਮਾਂ ਵਿੱਚ
ਦੇ ਸਕਣ ਬੱਚਿਆਂ ਨੂੰ
ਉੱਜਲਾ ਭਵਿੱਖ
ਬਣਾ ਸਕਣ ਆਪਣਾ ਰੈਣ-ਬਸੇਰਾ।

ਖੌਫ਼ਜਦਾ ਜ਼ਿੰਦਗੀ ਵਿੱਚੋਂ
ਭੱਜਦੇ ਹਨ ਵੀਕਐਂਡ 'ਤੇ
ਬੱਚਿਆਂ ਨਾਲ ਟਾਈਮ ਬਿਤਾਉਣ ਲਈ
ਛੱਡਦੇ ਨਹੀਂ ਕਸਰ ਆਪਣੇ ਵਲੋਂ।

ਫਿਰ ਵੀ ਬੀ.ਸੀ. ਵਿੱਚ
ਹਰ ਰੋਜ਼ ਸੱਤ ਮੌਤਾਂ ਦਾ
ਤੌਖ਼ਲਾ ਛੱਡਦਾ ਨਹੀਂ ਖਹਿੜਾ
ਪਤਾ ਨਹੀਂ ਕੀਹਦੇ ਮੂੰਹ 'ਤੇ ਕਦੋਂ
ਮੇਸਿਆ ਜਾਵੇਗਾ ਜ਼ਰਦ ਰੰਗ
ਕਿਹੜੇ ਘਰ, ਅਪਾਰਟਮੈਂਟ ਜਾਂ
ਬੇਸਮੈਂਟ ਮੂਹਰੇ ਲੱਗੇਗੀ ਭੀੜ
ਪੁਲੀਸ ਕਾਰਾਂ ਤੇ ਐਂਬੂਲੈਂਸਾਂ ਦੀ।

ਕਾਤਲ ਬਚ ਨਿਕਲ਼ੇਗਾ
ਪਰ ਜ਼ਰਦ ਰੰਗਾ
ਅਣ-ਐਲਾਨਿਆ ਬਣ ਜਾਵੇਗਾ
ਆਪਣੇ ਆਪ ਦਾ ਮੁਲਜ਼ਮ

ਨਾ ਕੋਰਟ, ਨਾ ਕਚਹਿਰੀ
ਨਾ ਵਕੀਲ, ਨਾ ਕੇਸ
ਦਫ਼ਨ ਹੋ ਜਾਵੇਗਾ
ਓਵਰਡੋਜ਼ ਦੀ ਲੰਮੀ ਕਤਾਰ ਵਿੱਚ।

ਸਿਰਫ਼ ਖਾਲੀ ਹੋਵੇਗੀ
ਕਿਸੇ ਮਾਂ ਦੀ ਆਂਦਰ
ਪਿਓ ਦਾ ਵਿਹੜਾ
ਸੁੰਨੀ ਭੈਣ ਦੀ ਰੱਖੜੀ
ਔਰਤ ਦਾ ਸੁਹਾਗ
ਵੀਰੇ ਦੀ ਸੱਜੀ ਬਾਂਹ
ਬੱਚੇ ਦੇ ਸਿਰ ਦੀ ਛਾਂ।

ਅਸੀਂ ਫਿਰ ਤੋਂ ਜੁੱਟ ਜਾਵਾਂਗੇ
ਦਿਹਾੜੀਆਂ ਵਿੱਚ ਜਾਂ
ਬੱਚਿਆਂ ਨੂੰ ਇਧਰ ਉਧਰ ਢੋਣ ਵਿੱਚ
ਸੁਣਾਂਗੇ ਦੂਸਰੇ ਦਿਨ
ਕਿਹੜੀ ਗਲ਼ੀ, ਕਿਹੜੇ ਘਰ
ਜ਼ਰਦ ਰੰਗ ਦਾ ਟਿੱਕਾ
ਲੱਗਦਾ ਹੈ ਕਿਸਦੇ ਮੂੰਹ-ਮੱਥੇ 'ਤੇ।

## ਮੈਂ ਇੱਕ ਨਰਸ ਹਾਂ

ਮੈਂ ਇੱਕ ਨਰਸ ਹਾਂ
ਮੈਦਾਨੇ ਜੰਗ ਦਾ ਸਿਪਾਹੀ ਨਹੀਂ
ਮੈਂ ਸੇਵਾ ਚੁਣੀ ਹੈ, ਮੌਤ ਨਹੀਂ
ਮੈਂ ਕਸਮ ਖਾਧੀ ਹੈ
ਮਨੁੱਖਤਾ ਦੀਆਂ ਜਾਨਾਂ ਬਚਾਉਣਾ
ਹੱਦਾਂ, ਸਰਹੱਦਾਂ, ਧਰਮਾਂ, ਜਾਤਾਂ
ਉਲੰਘ ਕੇ ਵੀ।

ਮੈਂ ਮੈਦਾਨੇ ਜੰਗ ਦਾ ਸਿਪਾਹੀ ਨਹੀਂ
ਜਿਸ ਨੂੰ ਸਰਹੱਦ ਦੇ ਪਾਰ
ਹਮੇਸ਼ਾਂ ਨਜ਼ਰ ਆਉਂਦਾ ਹੈ ਦੁਸ਼ਮਣ
ਜੋ ਹਰ ਵਕਤ ਵਰਦੀਧਾਰੀ
ਤਿਆਰ-ਬਰ-ਤਿਆਰ
ਰਹਿੰਦਾ ਹੈ ਦੁਸ਼ਮਣ ਨੂੰ ਫੁੰਡਣ ਲਈ।

ਆਪਣੇ ਲਾਲਚ, ਸ਼ੋਹਰਤਾਂ, ਬੇਸ਼ਰਮੀਆਂ,
ਨਾ-ਕਾਮੀਆਂ ਨੂੰ ਢੱਕਣ ਲਈ
ਮੈਨੂੰ ਜੰਗ ਦਾ ਔਜ਼ਾਰ ਨਾ ਬਣਾਓ
ਦੇਸ਼ ਭਗਤੀ ਦਾ ਹਥਿਆਰ ਨਾ ਬਣਾਓ
ਇਹ ਜੰਗ ਦਾ ਮੈਦਾਨ ਨਹੀਂ
ਪ੍ਰਕੋਪ ਹੈ ਮਹਾਂਮਾਰੀ ਦਾ।

ਮੈਨੂੰ ਤਾਂ ਮੇਰੇ ਲਈ ਤੇ
ਮੇਰੇ ਸਾਥੀਆਂ ਲਈ
ਚਾਹੀਦੇ ਹਨ ਕੁੱਝ ਸੁਰੱਖਿਆ ਕੱਵਚ
ਮਾਸਕ, ਦਸਤਾਨੇ, ਵਰਦੀਆਂ ਤੇ ਸੇਫਟੀ ਕਿੱਟਾਂ
ਅਤੇ ਬਿਹਤਰ ਮਿਹਨਤਾਨਾ।

ਮੈਂ ਨਹੀਂ ਚਾਹੁੰਦੀ-
ਝੁਕੇ ਸਿਰ, ਜੋੜੇ ਹੋਏ ਹੱਥ
ਫੋਕੀ ਸ਼ਾ-ਵਾਸ਼ੇ, ਤਾਲ਼ੀਆਂ,
ਥਾਲ਼ੀਆਂ, ਮੋਮਬੱਤੀਆਂ ਤੇ
ਤੁਹਾਡੇ ਝੰਡੇ ਦਾ ਕੱਫ਼ਣ
ਮੈਂ ਤਾਂ ਚਾਹੁੰਦੀ ਹਾਂ ਪੁਖ਼ਤਾ ਇੰਤਜ਼ਾਮ
ਜੋ ਅਗਾਂਊਂ ਕਰ ਸਕਣ
ਮਹਾਂਮਾਰੀ ਦਾ ਟਾਕਰਾ।

ਮੈਂ ਨਰਸ ਹਾਂ
ਮੈਦਾਨੇ ਜੰਗ ਦਾ ਸਿਪਾਹੀ ਨਹੀਂ
ਮੈਂ ਸੇਵਾ ਚੁਣੀ ਹੈ, ਮੌਤ ਨਹੀਂ
ਮੇਰੇ ਫਰਜ਼ਾਂ ਦੀ ਪੂਰਤੀ ਲਈ
ਹਥਿਆਰਾਂ ਦੀ ਨਹੀਂ
ਲੋੜ ਹੈ ਮਨੁੱਖਤਾਵਾਦੀ ਹੋਣ ਦੀ
ਆਪਣੇ ਆਪਣੇ ਫਰਜ਼ਾਂ ਨੂੰ
ਇਮਾਨਦਾਰੀ ਨਾਲ ਪਛਾਨਣ ਦੀ ਤੇ
ਮੁੱਢੋਂ-ਸੁੱਢੋਂ ਆਪਣੇ ਅੰਦਰ ਝਾਤੀ ਮਾਰਨ ਦੀ
ਮੈਂ ਤਾਂ ਬੱਸ ਇੱਕ ਨਰਸ ਹਾਂ
ਮੈਦਾਨੇ ਜੰਗ ਦਾ ਸਿਪਾਹੀ ਨਹੀਂ
ਮੈਂ ਤਾਂ ਨਰਸ ਹਾਂ।

*(ਕਰੋਨਾ ਕਾਲ ਸਮੇਂ)*

## ਬਦਲਦਾ ਮੁਹਾਂਦਰਾਂ

ਚਿੜ੍ਹੀਆਂ ਦੀ ਚੀਂ, ਚੀਂ...
ਕਾਵਾਂ ਦੀ ਕਾਂ, ਕਾਂ...
ਪੱਤਿਆਂ ਦੀ ਸਰਸਰਾਹਟ
ਟੱਲੀਆਂ ਦੀ ਖ਼ਣਕਾਰ
ਮਿੱਠੀ ਮਿੱਠੀ ਠੰਢੀ
ਰੁਮਕਦੀ ਹਵਾ
ਭਿੰਨੀ ਭਿੰਨੀ ਖੁਸ਼ਬੋ
ਦੁਮੇਲ ਦੇ ਮੁੱਢੋਂ ਛਣ ਰਹੀਆਂ
ਸੁਨਹਿਰੀ ਲਾਲ ਰੱਤੀਆਂ ਕਿਰਣਾਂ
ਕਰਦੀਆਂ ਨੇ ਅਗਾਜ਼
ਦਿੰਦੀਆਂ ਨੇ ਹੋਕਾ
ਸੂਹੀ ਸਵੇਰ ਦਾ।

ਤਨ ਦੀ ਫੁਰਤੀ
ਮਨ ਦੀ ਤਾਜ਼ਗੀ
ਬਖ਼ਸ਼ਦੀ ਹੈ ਬਲ
ਮੁੜ ਕੇ ਧੰਦੇ ਲੱਗਣ ਲਈ
ਚੜ੍ਹਦਾ ਹੈ ਜਨੂੰਨ ਕਿਰਤ ਦਾ
ਹੁੰਦੇ ਹਾਂ ਵਾਹੋਦਾਹੀ
ਸ਼ੁਭ ਸਵੇਰ ਦਾ ਲਾਹਾ ਲੈਣ ਲਈ।

ਕਰਨਾ ਚਾਹੁੰਦਾ ਹੈ ਸਲਾਮ
ਹਰ ਕੋਈ ਕੁਦਰਤ ਦੇ ਨਿਯਮ ਨੂੰ
ਰਾਤ ਵੇਲੇ ਸੌਣ ਤੇ
ਦਿਨ ਵੇਲੇ ਜਾਗਣ ਨੂੰ।
ਪਰ ਨਾਲ ਦੇ ਕਮਰਿਆਂ ਵਿੱਚ
ਪਏ ਹਨ ਮੇਰੇ ਬੱਚੇ
ਘੂਕ ਸੁੱਤੇ, ਕਿਉਂਕਿ

ਲਾਈਆਂ ਹਨ, ਉਹਨਾਂ
ਰਾਤ ਦੀਆਂ ਸ਼ਿਫਟਾਂ
ਗਾਇਬ ਹੈ ਉਹਨਾਂ ਦੇ
ਚੇਤਿਆਂ ਵਿੱਚੋਂ
ਦਿਨ ਤੇ ਰਾਤ ਦਾ
ਹਨ੍ਹੇਰੇ ਤੇ ਚਾਨਣ ਦਾ ਫਾਸਲਾ।

ਬੇਬਸ ਵਿਚਾਰੇ
ਪੈਦਾ ਹੋਏ ਹਨ
use and throw ਦੇ ਜ਼ਮਾਨੇ ਵਿੱਚ
ਪਲ਼ ਰਹੇ ਹਨ
ਖ਼ਪਤ ਸਭਿਆਚਾਰ ਦੇ ਯੁੱਗ ਵਿੱਚ
ਜਿਸਨੇ ਲਾਲਚ ਦੇ ਵਸ
ਕੀਤੀ ਹੈ ਉਂਗਲ ਸੇਧਤ
ਕੁਦਰਤ ਦੇ ਨਿਯਮਾਂ 'ਤੇ ਵੀ
ਬਣਾ ਦਿੱਤਾ ਹੈ
ਜਿਊਂਦਾ-ਜਾਗਦਾ ਮਨੁੱਖ
ਸਿਰਫ਼ ਇੱਕ ਮਸ਼ੀਨ,
ਸੋਚ ਤੋਂ ਰਹਿਤ
ਰਾਤ ਦਿਨ ਚੱਲਣ ਵਾਲੀ
ਸਿਰਫ਼ ਇੱਕ ਮਸ਼ੀਨ।

*(use and throw-ਵਰਤੋ ਤੇ ਸਿੱਟ ਦਿਓ)*

## ਚਲਦੀ ਫਿਰਦੀ ਲਾਸ਼

ਇਕੱਲੀ ਬਰਫ਼ ਹੀ ਨਹੀਂ ਜੰਮਦੀ
ਵਕਤ ਵੀ ਜੰਮ ਗਿਆ ਸੀ ਉਸਦਾ
ਜੋ ਜੰਮੀ ਸੀ ਇੱਕੀ ਸਾਲ ਪਹਿਲਾਂ
ਡਰੱਗ ਦੀ ਮਾਰ ਹੇਠ ਆਈ
ਮਾਂ ਦੀ ਕੁੱਖੋਂ
ਜੰਮੇ ਵਕਤ ਦੇ ਥਪੇੜਿਆਂ ਨਾਲ
ਖਾਕ ਛਾਣਦੀ ਰਹੀ ਸੀ
ਇੱਕ ਤੋਂ ਬਾਅਦ ਇੱਕ ਫੌਸਟਰ-ਹੋਮਾਂ ਦੀ
ਸਰਕਾਰ ਦੇ ਰਾਹਤ ਕੇਂਦਰਾਂ ਵਿੱਚ।

ਬਾਪ ਵਰਗੇ ਸ਼ਬਦ
ਉਸਦੀ ਡਿਕਸ਼ਨਰੀ ਵਿੱਚ
ਹੈ ਹੀ ਨਹੀਂ ਸੀ
ਲੂਸੇ ਬਚਪਨ ਵਿੱਚ
ਖਿਡੌਣਿਆਂ ਚੋਂ ਜ਼ਿੰਦਗੀ ਦੇ ਅਰਥ
ਟਟੋਲਦੀ-ਟਟੋਲਦੀ
ਕਦੋਂ ਗੁਆ ਬੈਠੀ
ਬੱਚੀ ਤੋਂ ਔਰਤ ਬਣਨ ਦੇ
ਅਹਿਸਾਸ ਦਾ ਸੁਪਨਾ
ਹੋਇਆ ਸੀ ਜੋ ਫੁੱਲੇ ਢਿੱਡ ਨੂੰ ਦੇਖ।

ਉਸਦੇ ਅਗ਼ਵਾਹ ਹੋਏ ਸੁਪਨੇ
ਉਸਦੇ ਜੰਮਣ ਤੋਂ ਪਹਿਲਾਂ ਹੀ
ਪੈ ਗਏ ਸਨ ਸਰਮਾਏ ਦੀ ਝੋਲ਼ੀ।

ਡਰੱਗ ਮਾਫੀਆ ਜੋ
ਅਣਭੋਲ ਜ਼ਿੰਦਾਂ ਦੇ ਸਿਰ ਤੇ ਕਰਦਾ ਹੈ
ਡਾਲਰਾਂ ਬਦਲੇ ਜ਼ਿੰਦਗੀਆਂ ਦਾ ਵਪਾਰ

ਉਹ ਗੁੰਮ ਹੋ ਕੇ ਰਹਿ ਗਈ
ਤੋੜ ਮਾਰੇ ਜਿਸਮਾਂ ਦੇ ਝੁੰਗਲ਼ਮਾਟੇ ਵਿੱਚ।

ਅਠਾਰਾਂ ਵਰ੍ਹਿਆਂ ਦੀ ਬਾਲਗ ਹੋਈ
ਫੌਸਟਰ-ਹੋਮਾਂ ਵਿੱਚੋਂ ਨਿਕਲ
ਸੜਕ ਤੇ ਆ ਗਈ
ਹੁਣ ਨਾ ਘਰ ਸੀ, ਨਾ ਦਰ ਸੀ
ਖੁੱਲ੍ਹਾ ਅਸਮਾਨ, 'ਅਜ਼ਾਦ'
ਛੱਤ ਮਿਲਦੀ ਇੱਕ ਰਾਤ
ਚੰਦ ਛਿੱਲੜਾਂ ਦੇ ਬਦਲੇ
ਜ਼ਮੀਰ ਗੁਆ ਕੇ
ਜਿਸਮ ਤੁੜਵਾ ਕੇ
ਬਿਮਾਰ ਸਿਸਟਮ ਦੀ ਪੈਦਾਵਾਰ
ਜਵਾਨੀ ਦੇ ਚੜ੍ਹਦੇ ਦਿਨਾਂ ਵਿੱਚ
ਮਟਕ ਜਿਹੀ ਚਾਲ
ਢੇਰ ਸੀ ਬਿਲਡਿੰਗ ਦੇ ਇੱਕ
ਅਰਤਲੇ ਕੋਨੇ ਵਿੱਚ ਕੁੰਗੜੀ ਹੋਈ
ਸੁੰਗੜੀ ਹੋਈ, ਲਵਾਰਸ ਜ਼ਿੰਦਾ ਲਾਸ਼।

ਪੁਲੀਸ ਗਸ਼ਤ ਪਹੁੰਚਾ ਦਿੰਦੀ ਹੈ
ਹਸਪਤਾਲ ਦੀਆਂ ਬਰੂਹਾਂ ਤੇ
ਠਾਠਾਂ ਮਾਰਦੀ ਜਵਾਨੀ
ਕੈਦ ਕਿਵੇਂ ਹੋਵੇ ?
ਉਹ ਬੇਪ੍ਰਵਾਹ ਕਰ ਚੁੱਕੀ ਹੈ ਪਾਰ
ਸਮਾਜਿਕ ਵਲਗਣਾਂ ਫੇਰ ਇੱਕ ਵਾਰ।

ਦੋ ਦਿਨ ਬੀਤ ਗਏ ਹਨ
ਉਹ ਨਹੀਂ ਪਰਤੀ
ਪੁਲੀਸ, ਨਰਸਾਂ, ਡਾਕਟਰ ਚਿੰਤਤ ਹਨ
ਫ਼ਿਕਰ ਹੈ ਉਹ ਮਰ ਨਾ ਜਾਵੇ
ਜ਼ਿੰਦਗੀ ਤੋਂ ਹਰ ਨਾ ਜਾਵੇ
ਉਹ ਜ਼ਿੰਦਾ ਕਿਸ ਦਿਨ ਸੀ ?

ਭਰੂਣ, ਬਚਪਨ ਜਾਂ ਜਵਾਨੀ ਵਿੱਚ
ਜੰਮੇ ਵਕਤ ਦੇ ਵਿੱਚ ਜ਼ਿੰਦਗੀ ਨਹੀਂ ਹੁੰਦੀ।

ਜੰਮੀ ਬਰਫ਼ ਉਡੀਕਦੀ ਹੈ
ਕੋਸੀ-ਕੋਸੀ ਧੁੱਪ ਤੇ ਵਰ੍ਹਦੀਆਂ ਕਣੀਆਂ
ਜਿਸ ਵਿੱਚ ਉਹ ਇੱਕ-ਮਿੱਕ ਹੋ ਕੇ
ਰਲ਼ ਮਿਲ ਜਾਵੇ
ਹਰ ਕਤਰਾ ਦਰਿਆ ਬਣ ਜਾਵੇ।

ਉਹ ਕੁੜੀ ਕੁਦਰਤ ਦੀ ਨਹੀਂ
ਸਿਸਟਮ ਦੀ ਪੈਦਾਵਾਰ ਹੈ
ਉਸਦੇ ਜੰਮੇ ਵਕਤ ਨੂੰ ਕਿਸੇ ਨਹੀਂ ਅਲੋਸਣਾ
ਨਾ ਹੀ ਕਿਣ-ਮਿਣ ਹੋਣੀ ਹੈ
ਉਹ ਤਾਂ ਕੁੱਝ ਦਿਨਾਂ ਦੀ ਪ੍ਰਾਹੁਣੀ
ਚਲਦੀ ਫਿਰਦੀ ਲਾਸ਼ ਇੱਕ ਦਿਨ
ਕਿਸੇ ਕੋਨੇ ਅੱਜ ਜਾਂ ਕੱਲ੍ਹ ਢੇਰ ਹੋਣੀ ਹੈ।

*(ਵਕਤ ਦੀ ਮਾਰੀ ਹਸਪਤਾਲ ਚੋਂ ਗੁੰਮ ਹੋਈ ਕੁੜੀ ਦੇ ਨਾਂ)*

## ਜੜ੍ਹਾਂ

ਨਿੱਕੇ ਨਿੱਕੇ ਵਪਾਰਾਂ ਦੇ ਬਹਾਨੇ
ਤੁਸੀਂ ਆਏ
ਲੂੰਬੜਚਾਲਾਂ ਤੋਂ ਬੇਖ਼ਬਰ
ਅਸੀਂ ਕਲਾਵੇ 'ਚ ਲੈ,
ਹਿੱਕ ਨਾਲ ਲਾ ਲਿਆ
ਸੋਚਿਆ–
ਇਹ ਧਰਤੀ ਸਾਡੀ ਇਕੱਲਿਆਂ ਦੀ ਨਹੀਂ।

ਇਹ ਮੇਵਿਆਂ ਲੱਦੀ,
ਦਿਲਕਸ਼ ਨਜ਼ਾਰਿਆਂ ਨਾਲ ਭਰਭੂਰ,
ਜ਼ਰਖੇਜ਼ ਕੁੱਖ, ਵਿਸ਼ਾਲ ਚਰਾਂਦਾਂ,
ਕਲ ਕਲ ਕਰਦੇ ਦਰਿਆਵਾਂ ਦੀ ਧਰਤੀ
ਸਭ ਦੀ ਸਾਂਝੀ ਹੈ।

ਸਾਨੂੰ ਨਹੀਂ ਸੀ ਪਤਾ ਕਿ
ਜੱਫੀਆਂ ਦੇ ਰੂਪ ਵਿੱਚ
ਸਿੱਕਿਆਂ ਦੇ ਢੇਰ ਤੇ
ਬੈਠਾ ਫ਼ਨੀਅਰ
ਸਾਡੇ ਗਲ਼ੇ ਨੂੰ ਇੰਝ ਲਿਪਟੇਗਾ
ਸੜ੍ਹਾਕ ਜਾਵੇਗਾ ਸਾਡਾ
ਪੂਰੇ ਦਾ ਪੂਰਾ ਖ਼ੂਨ
ਹਥਿਆ ਲਵੇਗਾ
ਸਾਡੀ ਅਜ਼ਾਦੀ, ਭਾਸ਼ਾ, ਬੋਲੀ,
ਸੰਸਕ੍ਰਿਤੀ ਤੇ ਖਣਿਜ ਪਦਾਰਥ
ਪਾ ਦੇਵੇਗਾ ਸਾਨੂੰ ਪੜ੍ਹਨੇ
ਡੱਕ ਕੇ ਸਾਡੇ ਬੱਚਿਆਂ ਨੂੰ

ਰੈਜ਼ੀਡੈਂਸ਼ਲ ਸਕੂਲਾਂ ਵਿੱਚ
ਚੜ੍ਹਾ ਦੇਵੇਗਾ ਭੇਂਟ ਜ਼ੁਲਮਾਂ ਦੀ
ਅਣਭੋਲ ਪਿਆਰੀਆਂ ਜਿੰਦਾਂ ਨੂੰ।

ਧੱਕ ਦੇਵੇਗਾ ਸਾਨੂੰ ਪਿੰਡਾਂ ਵਿੱਚ
ਲਾ ਦੇਵੇਗਾ ਰਿਜ਼ਰਵਾਂ ਵਿੱਚ ਖੂੰਜੇ
ਸਰਕਾਰੀ ਭੱਤਿਆਂ ਦਾ ਲਾਲਚ ਦੇ ਕੇ
ਲੁੱਟ ਪੁੱਟ ਕੇ ਸਭ ਕੁੱਝ ਤਰਸਾ ਦੇਵੇਗਾ
ਇੱਕ ਸਾਫ਼ ਪਾਣੀ ਦੀ ਘੁੱਟ ਨੂੰ
ਦੋ ਵਕਤ ਦੇ ਖਾਣੇ ਤੇ ਰਜਾਈ ਬਦਲੇ
ਕਰ ਦੇਵੇਗਾ ਸਾਨੂੰ ਨਿਕਾਰੇ
ਵੰਡ ਕੇ ਸਾਡੇ ਵਿਚਕਾਰ
ਜ਼ਹਿਰਾਂ ਦੀਆਂ ਪੁੜੀਆਂ
ਜੋ ਸਰੀਰ ਹੀ ਨਹੀਂ,
ਕਰਨਗੇ ਅਪਾਹਜ਼ ਸਾਡੀ ਸੋਚ ਨੂੰ।

ਸੋਹਲ ਕੰਜਕਾਂ ਨਾਲ ਕਰਕੇ ਬਲਾਤਕਾਰ
ਕਰਕੇ ਟੁਕੜੇ ਪਾ ਦੇਵੇਗਾ ਸੂਰਾਂ ਨੂੰ
ਸ਼ੈਤਾਨ ਦੀ ਚਰਖ਼ੀ ਨੇ
ਸਮਝੌਤਿਆਂ ਦੀ ਆੜ ਹੇਠ
ਸਾਨੂੰ ਦਿੱਤਾ ਹੈ ਅਜਿਹਾ ਗੇੜਾ
ਕਰ ਦਿੱਤਾ ਹੈ ਖੱਖੜੀ-ਖੱਖੜੀ।
ਬਣਕੇ ਬਹਿ ਗਏ
ਸਾਡੇ ਸਿਰਾਂ ਤੇ ----ਸ਼ਹਿਨਸ਼ਾਹ।

ਸੱਚ ਤਾਂ ਇਹ ਹੈ ਕਿ
ਤੁਹਾਡੇ ਜ਼ੁਲਮਾਂ ਨੇ
ਦਿੱਤਾ ਹੈ ਚਿੰਤਨ ਦਾ ਰਾਹ
ਹੁਣ ਨਹੀਂ ਹੋਵਾਂਗੇ ਅਵੇਸਲੇ
ਨਸ਼ਿਆਂ ਦੀ ਲੋਰ ਵਿੱਚ

ਲੜਾਂਗੇ ਆਪਣੇ ਹੱਕਾਂ ਲਈ
ਸਮਝ ਲਈ ਹੈ ਅਸੀਂ ਵੀ ਕੂਟਨੀਤੀ।

ਅਸੀਂ ਮੁੱਢ ਤੋਂ ਥੋੜ੍ਹੇ ਸੀ,
ਥੋੜ੍ਹੇ ਹਾਂ, ਪਰ ਮੂਲ਼-ਨਿਵਾਸੀ ਹਾਂ
ਅਸੀਂ ਜੜ੍ਹਾਂ ਹਾਂ ਇਸ ਧਰਤ ਦੀਆਂ
ਸਾਨੂੰ ਪੁੱਟਣਾ ਸੌਖਾ ਨਹੀਂ,
ਅਸੀਂ ਮੂਲ-ਨਿਵਾਸੀ ਹਾਂ।
ਅਸੀਂ ਇਸ ਦੇਸ਼ ਦੇ ਵਾਸੀ ਹਾਂ।

## ਲਹਿਰਾਂ ਬਣ ਕੇ ਆ ਗਏ ਲੋਕ

ਲਹਿਰਾਂ ਬਣ ਕੇ ਆ ਗਏ ਲੋਕ,
ਹੱਦਾਂ ਬੰਨੇ ਸਕਣ ਨਾ ਰੋਕ,
ਤੁਰ ਪਏ ਹਾਂ ਹਿੱਕਾਂ ਠੋਕ।

ਖਾਣਾ-ਦਾਣਾ ਸਭ ਸਮਾਨ,
ਵਿੱਚ ਟਰਾਲੀਆਂ ਭਰ ਕੇ ਤੁਰ ਪਏ।
ਸੋਚ ਸਮਝ ਕੇ, ਫੈਸਲਾ ਲੈ ਕੇ,
ਸੀਸ ਤਲੀ ਤੇ ਧਰ ਕੇ ਤੁਰ ਪਏ।
ਸਾਰੀ ਉਮਰਾਂ ਮਿੱਟੀ ਹੋਏ,
'ਵਿਹਲੜ' ਮਗਰਾ ਮਾਰ ਕੇ ਟੁਰ ਗਏ।
ਸਮਝਣ, ਨਾ ਕੋਈ ਰੋਕ ਨਾ ਟੋਕ,
ਕਾਫ਼ਲੇ ਬਣ ਕੇ ਆ ਗਏ ਲੋਕ।
ਹੱਦਾਂ ਬੰਨੇ ਸਕਣ ਨਾ ਰੋਕ,
ਤੁਰ ਪਏ ਹਾਂ ਹਿੱਕਾਂ ਠੋਕ।

ਡਾਕੂ ਜੁੜ ਗਏ ਬੋਹਲ਼ ਦੁਆਲ਼ੇ,
ਲੁੱਟਣ ਲੱਗੇ ਸ਼ਰੇ-ਬਜ਼ਾਰ।
ਰੇਹਾਂ, ਕਰਜ਼ੇ, ਥੋੜ੍ਹਾਂ, ਲਿਮਟਾਂ,
ਨਿੱਕੀ ਜ਼ਿੰਦੜੀ ਕਰਨ ਲਾਚਾਰ।
ਕਰ ਲਿਆ ਬਹੁਤਾ ਠੱਠਾ-ਖੇਲ੍ਹਾ,
ਸਮਝੋ ਨਾ ਤੁਸੀਂ ਜ਼ਾਲਮ ਲੋਕ।
ਲਹਿਰਾਂ ਬਣ ਕੇ-------।

ਸਮਝੀਂ ਨਾ ਤੂੰ ਪਰਨੇ ਵਾਲਾ,
ਦੱਬੀਆਂ ਰੀਝਾਂ ਜਰਨੇ ਵਾਲਾ।
ਉੱਠ ਖੜ੍ਹਾ ਹੈ ਹੰਭਲਾ ਮਾਰ,
ਹੱਕਾਂ ਲਈ ਇਹ ਮਰਨੇ ਵਾਲਾ।

ਥੁੱਕਿਆ ਅੱਜ ਚਟਾਉਣਾ ਪੈਣੈ,
ਫੇਰ ਆਵੋਂਗੇ ਤੁਸੀਂ ਲੋਟ।
ਲਹਿਰਾਂ ਬਣ ਕੇ ------।

ਇਸ ਧਰਤੀ ਦੇ ਜੰਮੇ ਜਾਏ,
ਗੋਬਿੰਦ, ਬੱਬਰ, ਭਗਤ, ਸਰਾਭੇ।
ਵੇਚ ਵੱਟਕੇ, ਮਾਲ ਸਾਂਭ ਕੇ,
ਵਿਦੇਸ਼ੋਂ ਆ ਗਏ ਗ਼ਦਰੀ ਬਾਬੇ।
ਪੜ੍ਹ ਲਿਆ ਅਸੀਂ ਇਤਿਹਾਸ ਉਹਨਾਂ ਦਾ,
ਤੋੜਾਂਗੇ ਇਹ ਨਿਸਰੀ ਜੋਕ।
ਤੁਰ ਪਏ ਹਾਂ ਹੁਣ ਹਿੱਕਾਂ ਠੋਕ।
ਲਹਿਰਾਂ ਬਣ ਕੇ ------।

ਨੀਲੇ, ਚਿੱਟੇ, ਭਗਵੇਂ ਸਾਰੇ,
ਸਾਰੇ ਗੁੰਡਿਆਂ ਦੇ ਸਰਦਾਰ।
ਬਿੱਲ ਤਾਂ ਵਾਪਸ ਕਰਨੇ ਪੈਣੇ,
ਸਾਡਾ ਸਾਰਿਆਂ ਦਾ ਇਕਰਾਰ।
ਛਿੱਛ-ਛਿੱਛ ਕਰਕੇ ਫੜ੍ਹਨਾ ਪੈਣਾ,
ਚਾਂਭਲਿਆ ਫਿਰਦਾ ਲੰਡਰ ਬੋਕ।
ਲਹਿਰਾਂ ਬਣ ਕੇ--------।

ਸਬਕ ਉਹਨੂੰ ਸਿਖਾਉਣਾ ਪੈਣਾ,
ਵਿੱਚ ਕਟਹਿਰੇ ਆਉਣਾ ਪੈਣਾ।
ਮੱਥਾ ਅਣਖੀਆਂ ਦੇ ਸੰਗ ਲਾ ਲਿਆ,
ਕੰਨਾਂ ਨੂੰ ਹੱਥ ਲਾਉਣਾ ਪੈਣਾ।
ਕਮਰਕਸੇ ਹੁਣ ਬੰਨ੍ਹ ਕੇ ਆਗੇ,
ਮਾਰੀਂ ਨਾ ਹੁਣ ਮੋਕ।
ਲਹਿਰਾਂ ਬਣ ਕੇ ਆ ਗਏ ਲੋਕ।
ਹੱਦਾਂ ਬੰਨੇ ਸਕਣ ਨਾ ਰੋਕ।
ਤੁਰ ਪਏ ਨੇ ਹਿੱਕਾਂ ਠੋਕ।

*(ਕਿਸਾਨੀ ਸੰਘਰਸ਼ ਨੂੰ ਸਮਰਪਿਤ)*

## ਮੈਂ ਤੇ ਮੇਰੀ ਕਵਿਤਾ

ਸਾਰਾ ਸ਼ਹਿਰ ਸੁੱਤਾ ਹੈ
ਜਾਗਦੀ ਹੈ
ਮੈਂ ਤੇ ਮੇਰੀ ਕਵਿਤਾ।

ਇੱਕ ਇੱਕ ਕਰਕੇ ਸ਼ਬਦ
ਜ਼ਿਹਨ ਵਿੱਚੋਂ ਉਡਾਰੀਆਂ ਲਾ
ਕਲਮ ਦੀ ਕਾਨੀ ‘ਤੇ ਬੈਠ
ਤਰਨ ਲੱਗਦੇ ਹਨ
ਕਾਗ਼ਜ਼ ਦੇ ਪੰਨੇ ‘ਤੇ।

ਮਨ ਦੀਆਂ ਡੂੰਘਾਣਾਂ ਵਿੱਚੋਂ
ਉਤਪੰਨ ਹੋਏ ਖਿਆਲ
ਟੁਟੂੰ-ਟੁਟੂੰ ਕਰਨ ਲੱਗਦੇ ਹਨ
ਜਦੋਂ ਅੱਧੀ ਰਾਤ ਸੁਣਦੀ ਹਾਂ
ਗੋਲ਼ੀ ਚੱਲਣ ਦੀ ਅਵਾਜ਼
ਸਥਿਰ ਹੋ ਜਾਂਦੇ ਹਨ
ਕਲਮ ਤੇ ਕਾਗ਼ਜ਼
ਪਲਸੇਟੇ ਮਾਰਦੀ ਬੇਚੈਨ ਹਾਂ
ਭੰਨਾਂ-ਘੜਤਾਂ ਵਿੱਚ
ਲਾਉਂਦੀ ਹਾਂ ਅੰਦਾਜ਼ੇ।

ਫਿਰ ਮੇਰੇ ਮਨ ਵਿੱਚ
ਹੋ ਜਾਂਦਾ ਹੈ ਸ਼ੁਰੂ ਗਣਿਤ
ਚੜ੍ਹਦੇ-ਲਹਿੰਦੇ ਦੀਆਂ ਗਲ਼ੀਆਂ ਦਾ
ਉਸ ਗਲ਼ੀ ਵਿੱਚ ਕੌਣ
ਰਹਿੰਦਾ ਹੈ ਮੇਰਾ ਆਪਣਾ ?
ਜਿੱਧਰੋਂ ਆਈ ਹੈ ਅਵਾਜ਼
ਹੌਲ ਪੈਣ ਲੱਗਦਾ ਹੈ

ਕੰਬਣ ਲੱਗਦੀ ਹਾਂ ਇੱਕ ਡਰ ਨਾਲ
ਉਸਦੇ ਨਕਸ਼ ਸਾਲਮ ਉੱਗ ਆਏ ਹਨ
ਬੀਤੇ ਦੀਆਂ ਯਾਦਾਂ
ਲੱਗਦੀਆਂ ਹਨ ਘੜਮੱਸ ਪਾਉਣ
ਮੇਰੇ ਜ਼ਿਹਨ ਵਿੱਚ ਤੇ
ਕਵਿਤਾ ਕਾਗ਼ਜ਼ 'ਤੇ।

## ਮਾਸੂਮ

ਟੀ.ਵੀ. ਉੱਤੇ ਦਿਸ ਰਿਹੈ
ਮਨੁੱਖੀ ਖ਼ੂਨ ਦੇ ਵਹਿੰਦੇ ਦਰਿਆ ਦਾ ਮੰਜ਼ਰ
ਅਧਮੋਈ ਗਰਭਵਤੀ ਫ਼ਲਸਤੀਨੀ ਔਰਤ
ਲਿਆਂਦੀ ਗਈ ਹੈ ਹਸਪਤਾਲ
ਬੱਚਾ ਜੰਮਣ ਤੋਂ ਪਹਿਲਾਂ ਉਹ
ਹੋ ਗਈ ਹੈ ਠੰਢੀ ਸੀਤ
ਠੰਢੇ ਜਿਸਮ ਵਿੱਚੋਂ
ਡਾਕਟਰਾਂ ਚੁੱਕ ਲਿਆ ਹੈ
ਇੱਕ ਮੁਰਝਾਇਆ ਫੁੱਲ,
ਇੱਕ ਸਿਸਕਦਾ ਤਰਲਾ,
ਇੱਕ ਤੜਫਦਾ ਹਾਉਕਾ
ਲੱਭ ਰਿਹਾ ਹੈ ਮਾਂ ਦਾ ਥਣ
ਜ਼ਿੰਦਗੀ ਜੀਣ ਲਈ।

ਉਹ ਬੇਖ਼ਬਰ ਕੀ ਜਾਣੇ ?
ਮਾਂ ਕੀ ?
ਜੰਗ ਕੀ ?
ਗਾਜ਼ਾ ਕੀ ? ਫ਼ਲਸਤੀਨ ਕੀ ?
ਇਜ਼ਰਾਈਲ ਕੀ ?
ਸਾਮਰਾਜੀ ਮੰਡੀ ਕੀ ?

## ਬਹਾਰਾਂ ਦੇ ਮੌਸਮ ਵਿੱਚ

ਬਹਾਰਾਂ ਦੇ ਮੌਸਮ ਵਿੱਚ ਵੀ, ਫੁੱਲਾਂ ਦਾ ਬੁਰਾ ਹਾਲ ਹੈ,
ਪਤਝੜਾਂ ਦਾ ਰਾਜ ਹੈ, ਤੇ ਛੁਪੀ ਅਜੇ ਹਰਿਆਲ ਹੈ।
ਟਿਮਕਦਾ ਹਨ੍ਹੇਰੇ ਵਿੱਚ, ਕੱਕੀਆਂ ਰਾਤਾਂ ਨੂੰ ਜੁਗਨੂੰ,
ਫਿਤਰਤ ਨਹੀਂ ਭੁੱਲਦਾ, ਕਰਦਾ 'ਨੇਰ੍ਹੇ ਨੂੰ ਸਵਾਲ ਹੈ।
ਅੱਗ ਕਣੀਆਂ ਵਾਂਗ ਜਦ ਮਨ ਦੀ ਧੁੰਦ ਤੇ ਡਿੱਗੀ,
ਹੜ-ਬੜਾ ਕੇ ਉੱਠੇ ਪਰ ਸਮਝ ਸੰਜਮ ਨਾਲ਼ੋ-ਨਾਲ਼ ਹੈ।
ਗੱਲ ਤੁਰੀ ਤਾਂ ਜ਼ਮੀਨਾਂ ਹਥਿਆਉਣ ਤੋਂ ਹੀ ਸੀ,
ਜ਼ਮੀਰ ਜਾਗ ਗਈ ਚਾਹੇ ਠੰਢ ਨਾਲ ਬੁਰਾ ਹਾਲ ਹੈ।
ਟਿਕਾਅ ਕੇ ਖ਼ਿਆਲਾਂ ਵਿੱਚ ਮੰਜ਼ਲ ਪਾਉਣ ਦਾ ਟੀਚਾ,
ਡਰਨਾ ਲੜ ਮਰਨ ਤੋਂ, ਆਪਣੇ ਆਪੇ ਨੂੰ ਹੀ ਗਾਲ਼ ਹੈ।
ਜ਼ਮਾਨੇ ਦੇ ਸੰਸਿਆਂ ਨੇ ਕਰ ਦਿੱਤਾ ਸੀ ਖੇਰੂੰ-ਖੱਖੜੀ,
ਵਿਸਰ ਗਿਆ ਸੀ ਮਨੋਂ ਅਜ਼ਾਦੀ ਵਡਮੁੱਲਾ ਖ਼ਿਆਲ ਹੈ।
ਹਾਕਮ ਗੜੁੱਚ ਹੈ ਆਪਣੀ ਹਾਊਮੈ ਦੀ ਤੜੀ ਕਰਕੇ,
ਬੇਅਰਾਮ ਹੈ ਹਰ ਵਕਤ ਚਾਹੇ, ਸੰਝ ਹੈ ਜਾਂ ਤ੍ਰਿਕਾਲ ਹੈ।
ਜਾਬਰਾਂ ਦੇ ਹੱਥ ਚਾਬੀ ਅਮਨ ਤੇ ਕਾਨੂੰਨ ਦੀ,
ਸਬਰ ਹੱਥੋਂ ਹਾਰੇ ਜਬਰ, ਇਹ ਸੱਚ ਦਾ ਕਮਾਲ ਹੈ।
ਟਾਹਣਿਆਂ ਦੀ ਹਰਿਆਲੀ ਵਿੱਚੋਂ ਧੁੱਪ ਜਦੋਂ ਵੀ ਝਾਕੀ,
ਸਾਡੇ ਵਿਹੜੇ ਖੁਸ਼ੀਆਂ ਦਾ ਆਉਣਾ ਉਦੋਂ ਭੂਚਾਲ ਹੈ।
ਬਹਾਰਾਂ ਦੇ ਮੌਸਮ ਵਿੱਚ ਵੀ ਫੁੱਲਾਂ ਦਾ ਬੁਰਾ ਹਾਲ ਹੈ,
ਪਤਝੜਾਂ ਦਾ ਰਾਜ ਹੈ ਤੇ ਛੁਪੀ ਅਜੇ ਹਰਿਆਲ ਹੈ।

## ਦੇਵੀ ਨਹੀਂ ਮੈਂ ਔਰਤ ਹਾਂ

ਮੈਨੂੰ ਦੇਵੀ ਕਹਿ-
ਬਣਾ ਕੇ ਪੱਥਰ ਦੀ ਮੂਰਤ
ਕਰਦੇ ਹੋ ਬਿਰਾਜਮਾਨ
ਪਵਿੱਤਰ ਮੰਦਰਾਂ ਵਿੱਚ
ਪੱਥਰਾਂ ਦੇ ਬੇਜਾਨ ਬੁੱਤਾਂ ਨੂੰ
ਦੇ ਕੇ ਨਾਂ ਮਹਾਂਕਾਲੀ, ਪਾਰਬਤੀ ਅਤੇ
ਦੁਰਗਾ ਦੇਵੀ ਦੇ
ਲਾ ਕੇ ਅੱਠ-ਅੱਠ, ਦਸ-ਦਸ ਹੱਥ
ਫੜਾਉਂਦੇ ਹੋ ਹੱਥਾਂ ਵਿੱਚ ਤ੍ਰਿਸ਼ੂਲ, ਕਿਰਪਾਨਾਂ
ਮਾਪਦੇ ਹੋ ਪੈਮਾਨਾ ਸ਼ਕਤੀਸ਼ਾਲੀ ਹੋਣ ਦਾ
ਲਾਉਂਦੇ ਹੋ ਗਿੱਠ-ਗਿੱਠ ਲੰਮੀਆਂ ਜੀਭਾਂ ਤੋਂ
ਮੇਰੇ ਗੁੱਸੇ ਦੀ ਤਾਕਤ ਦਾ ਅੰਦਾਜ਼ਾ।

ਕਰਕੇ ਪੂਜਾ, ਖੜਕਾ ਕੇ ਟੱਲ
ਕਰਾਉਂਦੇ ਹੋ ਆਪਣੇ
ਦੁੱਖਾਂ ਦਾ ਨਿਵਾਰਨ
ਆਫ਼ਤਾਂ ਦਾ ਸੰਘਾਰ
ਕਰਦੇ ਹੋ ਸਤਿਕਾਰ ਦਾ ਪ੍ਰਪੰਚ
ਚਾੜ੍ਹਦੇ ਹੋ ਭੇਟਾ ਮਣਾਂ-ਮੂੰਹ
ਸੋਨਾ, ਚਾਂਦੀ ਜਾਂ ਨੋਟਾਂ ਨਾਲ
ਬਖ਼ਸ਼ਾਉਂਦੇ ਹੋ ਭੁੱਲਾਂ।

ਕਦੇ ਕੰਜਕਾਂ ਦੇ ਲਾ ਕੇ
ਪੈਰੀਂ ਹੱਥ ਤੇ ਖੁਵਾ ਕੇ ਭੋਜਨ
ਪਹੁੰਚਾਉਂਦੇ ਹੋ ਪਿੱਤਰਾਂ ਨੂੰ
ਡਰਦੇ ਹੋ ਆਪਣੇ
ਕਰਮਾਂ ਦੇ ਲੇਖੇ-ਜੋਖੇ ਤੋਂ
ਕਰਕੇ ਸ਼ਰਧਾ ਦੀ ਮਿੱਟੀ ਦਾ ਲੇਪ

ਮਿਟਾਉਂਦੇ ਹੋ ਮੇਰੇ ਦਿਮਾਗ ਦੀ ਫੁਰਤੀ ਵਿੱਚੋਂ
ਮੱਥੇ ਦੀ ਦਗਦੀ ਲੋਅ
ਕਰਦੇ ਹੋ ਵਿਸਰਜਨ
ਮੇਰੀ ਹੋਂਦ ਦਾ, ਮੇਰੇ ਅਸਤਿਤਵ ਦਾ।

ਅਹਿਸਾਸਾਂ ਨਾਲ ਪਰੁੱਚੀ
ਸੁਪਨਿਆਂ ਸੰਗ ਪ੍ਰਣਾਈ
ਜੀਵਤ ਦੇਵੀ ਦੀ
ਕੱਟ ਕੇ ਜੀਭ, ਕਰਕੇ ਬਲਾਤਕਾਰ
ਤੋੜ ਕੇ ਕੰਗਰੋੜ
ਬਣਾ ਕੇ ਨਿਰਜੀਵ
ਕਚਹਿਰੀਆਂ 'ਚ ਕਰਦੇ ਹੋ
ਰੱਜ ਕੇ ਹਨਨ
ਮੰਦਰ ਵਿੱਚ ਹੀ ਤਾਂ ਚੂੰਡ ਲਿਆ ਸੀ
ਭੁੱਖੀਆਂ ਗਿਰਝਾਂ ਨੇ
ਕੰਜਕ ਦਾ ਕੋਮਲ ਮਾਸ, ਮਾਸੂਮ ਹਾਸਾ।

ਮੈਂ ਮੁਖ਼ਾਲਿਫ਼ ਮੌਸਮਾਂ ਦੀਆਂ
ਤੱਤੀਆਂ ਹਵਾਵਾਂ ਵਿੱਚੋਂ
ਜਾਣ ਲਿਆ ਹੈ
ਦੋਗ਼ਲੇ, ਨਿਪੁੰਸਕ ਕਿਰਦਾਰਾਂ ਨੂੰ
ਹੁਣ ਮੈਂ ਦੇਵੀ ਨਹੀਂ ਬਣਨਾ
ਤੇ ਨਾ ਹੀ ਕੰਜਕ
ਮੈਂ ਤਾਂ ਔਰਤ ਹਾਂ
ਔਰਤ ਹੀ ਬਣਨਾ ਹੈ, ਪੱਥਰ ਨਹੀਂ
ਸਾਵੀਂ ਆਵਾਂਗੀ ਆੜੇ ਤੁਹਾਡੇ
ਤੋੜਾਂਗੀ ਅਹਿੰਕਾਰ
ਲੜਾਂਗੀ ਆਪਣੇ ਹਿੱਸੇ ਦੇ ਹੱਕਾਂ ਦਾ ਯੁੱਧ
ਮੈਂ ਔਰਤ ਹਾਂ, ਪੱਥਰ ਦੀ ਦੇਵੀ ਨਹੀਂ,
ਮੈਂ ਸਿਰਫ਼ ਔਰਤ ਹਾਂ।

## ਓਟ ਆਸਰਾ

ਅਣਵਿਕਸਤ
ਦੇਸ਼ਾਂ ਵਿੱਚ ਹੀ ਨਹੀਂ
ਚਾੜ੍ਹੇ ਜਾਂਦੇ ਵੁਲਡੋਜ਼ਰ ਝੁੱਗੀਆਂ ‘ਤੇ
ਇੱਥੇ (ਕੈਨੇਡਾ) ਵੀ ਟੈਂਟਾਂ ਨੂੰ ਪੁੱਟ
ਜੜ੍ਹੋਂ ਉਖਾੜ
ਕਰਕੇ ਸਭ ਕੁੱਝ ਗੁੱਥ-ਮੁੱਥ
ਗਾਰਬੇਜ਼ ਕਰ ਦੇਣਾ
ਕਿਸੇ ਪੱਖੋਂ ਘੱਟ ਨੀ ਹੁੰਦਾ
ਵੁਲਡੋਜ਼ਰਾਂ ਤੋਂ।

ਪੁਲੀਸ ਸਿੱਟਦੀ ਹੈ ਉਹਨਾਂ ਨੂੰ
ਥੋੜ੍ਹੇ ਚਿਰ ਬਾਅਦ
ਲਾ ਕੇ ਹੱਥਕੜੀਆਂ
ਮੂਧੇ ਮੂੰਹ ਧਰਤੀ ‘ਤੇ
ਬਿਠਾ ਕੇ ਸਰਕਾਰੀ
ਵਾਹਣਾਂ ਵਿੱਚ
ਲਾਹ ਦੇਣਗੇ ਅਗਲੀ
ਗਲ਼ੀ ਦੇ ਮੋੜ ‘ਤੇ।

ਮੀਡੀਏ ਸਾਹਮਣੇ ਦੇਣਗੇ
ਝਾਂਸਾ ਸ਼ੈਲਟਰਾਂ ਦਾ
ਥੱਕ ਜਾਣਗੇ ਉਹ ਕਰਦੇ
ਦਸ-ਦਸ ਘੰਟੇ ਦੀ ਉਡੀਕ
ਤੇ ਢੇਰੀ ਹੋ ਜਾਣਗੇ
ਕਿਸੇ ਨਾ ਕਿਸੇ ਖੂੰਜੇ ਦੀ ਆੜ ਵਿੱਚ
ਜਾਂ ਦਸ-ਦਸ ਨੂੰ ਤੂੜ ਦੇਣਗੇ
ਇੱਕ ਇੱਕ ਕਮਰੇ ਵਿੱਚ
ਦੇਣਗੇ ਖੁੱਲ੍ਹਾਂ

ਲੜਨ, ਮਰਨ ਤੇ ਭਿੜਨ ਦੀਆਂ
ਖੋਹ ਕੇ ਉਹਨਾਂ ਦੀ ਪ੍ਰਾਈਵੇਸੀ।

ਉਹਨਾਂ ਲਈ
ਟੈਂਟ ਪਲਾਸਟਿਕ ਦੀਆਂ ਚਾਦਰਾਂ ਜਾਂ
ਲੋਹੇ ਦੇ ਪਾਈਪ ਨਹੀਂ ਹੁੰਦੇ
ਹੁੰਦੇ ਹਨ ਇੱਜ਼ਤ, ਓਟ,
ਅਰਮਾਨ, ਆਲ੍ਹਣਾ,
ਤੀਰਥ ਤੇ ਸੁਪਨੇ
ਤੇ ਨਾ ਹੀ ਕਾਲ਼ੇ
ਗਾਰਬੇਜ਼ ਬੈਗ ਸਬੂਤ ਹਨ
ਸਿਰਫ਼ ਕੂੜਾ ਕਰਕਟ ਦਾ।

ਉਹਨਾਂ ਵਿੱਚ ਤਾਂ ਉਹ
ਲਕੋਈ ਫਿਰਦੇ ਹਨ
ਆਪਣਾ ਸਮੁੱਚਾ ਸੰਸਾਰ,
ਕੁੱਝ ਚੰਗੀਆਂ ਯਾਦਾਂ ਤੇ
ਅਹਿਸਾਸ ਬੀਤੇ ਦੇ,
ਮਾਂ ਦੀਆਂ ਅਸਥੀਆਂ,
ਗੁਆਚੇ ਬਾਪੂ ਦੀ ਟੁੱਟੀ ਐਨਕ,
ਪ੍ਰੇਮਿਕਾ ਦੀ ਪਹਿਲੀ ਇਜ਼ਹਾਰੀ ਰਿੰਗ,
ਫੋਸਟਰ ਹੋਮਾਂ ਦੇ ਧੱਕੇ
ਖਾ ਰਹੇ ਬੱਚੇ ਦੇ ਹੱਥੀਂ ਬਣਾਏ
ਪਰਿਵਾਰਕ ਰੰਗ-ਬਰੰਗੇ ਚਿੱਤਰ,
ਚਿੱਤਰਾਂ ਵਿੱਚ ਤੈਰਦੇ
ਭਵਿੱਖੀ ਸੁਪਨੇ,
ਦੂਰ-ਦੁਰਾਡੇ ਰਹਿੰਦੇ ਸਾਥੀਆਂ ਦੇ
ਫ਼ੋਨ ਨੰਬਰ ਤੇ ਸਿਰਨਾਵੇਂ,
ਤੇੜ ਪਾਉਣ ਲਈ
ਕੁੱਝ ਕੁੜਤੇ, ਪਜਾਮੇ ਤੇ
ਦਾਨ ਮਿਲੇ ਕੰਬਲ।

ਧੱਕੇ ਖਾ ਕੇ ਵਾਪਸ ਆਏ
ਦੇਖਣਗੇ ਆਪਣੀ ਹੋਂਦ ਦਾ
ਮਿਟਿਆ ਖੁਰਾਖੋਜ
ਹੁਣ ਝੁੱਗੀਆਂ ਉੱਤੋਂ ਦੀ
ਉੱਗਦਾ ਸੂਰਜ
ਹੋ ਜਾਵੇਗਾ ਅਲੋਪ
ਧਰਤੀ ਦੀ ਆਗੋਸ਼ ਵਿੱਚ
ਉਸਰੇਗਾ ਜਿੱਥੇ
ਪੰਜਾਹ ਮੰਜ਼ਲਾਂ
ਕਾਰਪੋਰੇਟੀ ਮਹਿਲ
ਜਿਸ ਵਿੱਚੋਂ ਆਉਂਦੀਆਂ ਜਾਂਦੀਆਂ
ਕਾਰਾਂ ਅੱਗੇ ਅੱਡਣਗੇ ਹੱਥ ਉਹ
ਫਿਰ ਤੋਂ ਲੂਨੀਆਂ-ਟੂਨੀਆਂ ਲਈ
ਉੱਜੜੇ ਟੈਂਟਾਂ ਦੇ ਬਸ਼ਿੰਦੇ
ਤਾਂ ਕਿ ਖੜ੍ਹਾ ਕਰ ਸਕਣ ਉਹ
ਨੀਲੇ ਅਸਮਾਨ ਥੱਲੇ
ਇੱਕ ਓਟ ਆਸਰਾ।

## ਸਮੇਂ ਦੀ ਕਰਵਟ

ਇੱਕ ਦੂਜੇ ਲਈ
ਸੋਹਣੇ ਸੁਪਨੇ ਲੈ
ਨਿਕਲੇ ਸਾਂ ਜੀਵਨ ਸਫ਼ਰ ਲਈ।
ਰਹਾਂਗੇ ਸਕੂਨ ਨਾਲ
ਸਹਿਜ ਨਾਲ, ਪਿਆਰ ਨਾਲ
ਵੰਡਾਵਾਂਗੇ ਦੁੱਖ-ਸੁੱਖ।

ਆਪਣੇ ਕੀਮਤੀ ਪਲਾਂ ਲਈ
ਜੀਵਾਂਗੇ ਜ਼ਿੰਦਗੀ
ਜ਼ਿੰਦਾਦਿਲੀ ਨਾਲ
ਬਣਾਂਗੇ ਮਿਸਾਲ
ਲਾਵਾਂਗੇ ਨਾਹਰਾ
ਜ਼ਿੰਦਗੀ ਜ਼ਿੰਦਾਬਾਦ।

ਵਿਛਾਵਾਂਗੇ ਮੋਹ ਦਾ ਜਾਲ਼
ਪਰੋਵਾਂਗੇ ਮਣਕਿਆਂ ਦਾ ਹਾਰ
ਕਰਾਂਗੇ ਪੀੜ੍ਹੀਆਂ
ਰਿਸ਼ਤਿਆਂ ਦੀਆਂ ਡੋਰਾਂ
ਬੀਜਾਂਗੇ ਆਪੇ ਦੇ ਰੁੱਖ
ਮਾਣਾਂਗੇ ਛਾਵਾਂ
ਕਰਕੇ ਮਮਤਾ ਦੀ ਵਾੜ
ਉਸਾਰਾਂਗੇ ਮਾਣ-ਮੱਤੇ
ਭਵਿੱਖ ਦੇ ਕਿੰਗਰੇ।

ਪਤਾ ਹੀ ਨਹੀਂ ਚੱਲਿਆ
ਕਦੋਂ ਘਿਰ ਗਏ ਵਿੱਚ
ਮੱਕੜੀ-ਜਾਲ਼
ਮੰਡੀ ਦੀ ਅੰਨ੍ਹੀ ਦੌੜ

ਬੇਚੈਨ ਕਾਹਲ਼
ਖਿਲਰਿਆ ਆਪਾ
ਗੁੰਮਿਆ ਸਹਿਜ-ਸਕੂਨ
ਖੰਡਤ ਰਿਸ਼ਤੇ
ਸੁੰਗੜੀ ਸੋਚ
ਮੋਹ ਦੀ ਮੌਤ
ਖਿੱਲਰੇ ਮਣਕੇ
ਟੁੱਟੀਆਂ ਗੰਢਾਂ
ਟੁਕੜਿਆਂ ਵਿੱਚ ਵੰਡਿਆ ਵਜੂਦ।

ਹੁਣ ਉਧਾਰੇ ਪਲਾਂ ਨੂੰ ਵੀ ਵਿਹਲ ਨਹੀਂ
ਇੱਕ ਸੁਰ ਕਰਨ ਦੀ
ਰਲ਼ ਕੇ ਬੈਠਣ ਦੀ
ਅਸਲ ਅਰਥਾਂ ਵਿੱਚ
ਜ਼ਿੰਦਗੀ ਜਿਊਣ ਦੀ।

## ਹਕੂਮਤਾਂ

ਇਹ ਅੱਜ ਦੀ ਗੱਲ ਤਾਂ ਨਹੀਂ ਕਿ
ਵਿਸ਼ਵ ਮਹਾਂ-ਸ਼ਕਤੀਆਂ
ਯੁੱਗਾਂ ਤੋਂ ਵਿਛਾਉਂਦੀਆਂ ਹਨ ਜਾਲ਼
ਮਹਾਂ-ਮਾਰੀਆਂ ਦੀ ਆੜ ਵਿੱਚ
ਲੋਕਾਂ ਨੂੰ ਪਿੰਜਰੇ ਪਾਉਣ ਦਾ
ਬੇਵਸਾਂ ਨੂੰ ਸ਼ਿਕਾਰ ਬਣਾਉਣ ਦਾ
ਜ਼ਿੰਦਗੀਆਂ ਨਾਲ ਖੇਡਣ ਦਾ
ਭਾਈਚਾਰੇ ਵਿੱਚ ਦੂਰੀਆਂ ਪਾਉਣ ਦਾ

ਹਕੂਮਤਾਂ ਜਾਣਦੀਆਂ ਹਨ-
ਬਾਖੂਬੀ ਪੱਤੇ ਖੇਡਣਾ
ਜਨਤਾ ਦੀ ਮਾਨਸਿਕਤਾ ਨਾਲ਼
ਕਿਵੇਂ ਬੰਨ੍ਹਣੀ ਹੈ ?
ਇਨਸਾਫ਼ ਦੀਆਂ ਅੱਖਾਂ 'ਤੇ ਪੱਟੀ
ਕਿਵੇਂ ਲੜਾਉਣਾ ਹੈ ?
ਧਰਮਾਂ, ਮਜ਼ਹਬਾਂ, ਜਾਤਾਂ ਤੇ
ਖਿੱਤਿਆਂ ਨੂੰ ਆਪਸ ਵਿੱਚ
ਕਿਵੇਂ ਨਿਗ਼ਲਣੀ ਹੈ ?
ਪੂਰੀ ਦੀ ਪੂਰੀ
ਮੁਨਾਫ਼ੇ ਦੀ
ਨਿੱਕੀ ਤੋਂ ਨਿੱਕੀ ਬੁਰਕੀ।

## ਸ਼ਾਂਤੀ ਦਾ ਯੁੱਧ

ਕੌਣ ਕਹਿੰਦਾ ਹੈ ਕਿ-
ਅਸੀਂ ਯੁੱਧ ਲੜ ਰਹੇ ਹਾਂ ਪਹਿਲੀ ਵਾਰੀ
ਜਦੋਂ ਦੇ ਜੰਮੇ ਹਾਂ
ਅਸੀਂ ਲੜ ਹੀ ਤਾਂ ਰਹੇ ਸੀ-
ਕਦੇ ਖੇਤਾਂ ਵਿੱਚ ਅੰਨ ਉਗਾਉਣ ਲਈ,
ਕਦੇ ਮੀਂਹ ਝੱਖੜਾਂ ਵਿੱਚ ਬੰਨਿਆਂ ਤੇ ਬਹਿ ਕੇ,
ਉੱਜੜ ਰਹੀਆਂ ਸੱਧਰਾਂ ਦਾ ਪ੍ਰਕੋਪ ਦੇਖਣ ਲਈ,
ਕਦੇ ਢਹਿੰਦੇ ਘਰਾਂ ਦੀਆਂ ਖੋੜਾਂ ਭਰਨ ਲਈ,
ਕਦੇ ਮੰਡੀਆਂ ਵਿੱਚ 'ਅੱਧੋ-ਡੂਢ' ਹੋਣ ਲਈ,
ਕਦੇ ਹਰੀ ਕ੍ਰਾਂਤੀ ਦੀ ਅੱਥਰੀ ਦੌੜ ਲਈ
ਲੜ ਹੀ ਤਾਂ ਰਹੇ ਸੀ।

ਅਸੀਂ ਲੜ ਹੀ ਤਾਂ ਰਹੇ ਸੀ—
ਘਰਦੀਆਂ ਸਾਂਝੀਆਂ ਕੰਧਾਂ ਤੇ
ਸਾਂਝੇ ਖੇਤਾਂ ਦੀਆਂ ਵੱਟਾਂ ਲਈ,
ਧੀਆਂ ਭੈਣਾਂ ਦੀਆਂ ਇੱਜ਼ਤਾਂ ਅਣਖਾਂ ਲਈ,
ਕਦੇ ਫੀਸਾਂ ਲਈ ਭਵਿੱਖ ਦੀਆਂ ਗੋਂਦਾਂ ਦਾ ਯੁੱਧ,
ਕਦੇ ਨਸ਼ਿਆਂ ਦੇ ਵਗਦੇ ਛੇਵੇਂ ਦਰਿਆ ਵਿੱਚ
ਰੁੜ੍ਹਦੀ ਜਵਾਨੀ ਲਈ
ਹਸਪਤਾਲਾਂ ਵਿੱਚ ਮੌਤ ਦਾ ਯੁੱਧ।

ਅਸੀਂ ਲੜ ਹੀ ਤਾਂ ਰਹੇ ਸੀ-
ਕਦੇ ਕਚਹਿਰੀਆਂ ਵਿੱਚ ਭਾਈਆਂ ਵੰਡ ਲਈ,
ਕਦੇ ਭ੍ਰਿਸ਼ਟਾਚਾਰੀ ਕਲਰਕਾਂ ਦੀ ਭੇਂਟ ਲਈ,
ਕਦੇ ਮਖੌਟਾਧਾਰੀ ਲੀਡਰਾਂ ਦੀ ਚਾਪਲੂਸੀ ਲਈ,
ਕਦੇ ਗੂੰਗੇ ਬਹਿਰੇ ਵੋਟਰ ਬਣਨ ਲਈ।

ਅਸੀਂ ਲੜ ਹੀ ਤਾਂ ਰਹੇ ਸੀ—
ਕਦੇ ਜਾਤਾਂ-ਪਾਤਾਂ ਵਿੱਚ

ਦੂਜਿਆਂ ਨੂੰ ਨੀਵਾਂ ਦਿਖਾਉਣ ਲਈ,
ਆਪਣੇ ਆਪਣੇ ਧਰਮਾਂ ਦੀ
ਉੱਚਤਾ ਦਰਸਾਉਣ ਲਈ,
ਕਦੇ ਪਾਣੀਆਂ ਲਈ, ਇਲਾਕਿਆਂ ਲਈ,
ਹੱਦਾਂ, ਸਰਹੱਦਾਂ, ਦੇਸ਼ਾਂ ਲਈ।

ਲੜ ਹੀ ਤਾਂ ਰਹੇ ਸੀ—
ਕਦੇ ਦਿਨ ਤੇ ਰਾਤ ਦਾ ਯੁੱਧ,
ਕਦੇ ਸੁਫ਼ਨਿਆਂ ਤੇ ਜਾਗਦੀਆਂ ਅੱਖਾਂ ਦਾ ਯੁੱਧ,
ਨਿਕਾਰਾ ਹੋ ਗਈਆਂ ਸੋਚਾਂ ਦਾ ਯੁੱਧ,
ਜ਼ਿੰਦਗੀ ਦੀਆਂ ਤਲਖ਼ੀਆਂ ਦਾ ਯੁੱਧ,
ਲੜ ਹੀ ਤਾਂ ਰਹੇ ਸੀ।

ਹਾਂ ਫ਼ਰਕ ਹੈ ਪਹਿਲੀ ਵਾਰੀ
ਲੜ ਰਹੇ ਹਾਂ ਅਸੀਂ
ਘੁਰਨਿਆਂ ਦਾ ਯੁੱਧ ਛੱਡ ਕੇ
ਵਿਸ਼ਾਲ ਚਰਾਂਦਾਂ ਵਿੱਚ
ਟੱਕਰੇ ਹਾਂ ਪਰਬਤ ਨਾਲ
'ਮੈਂ' ਨੂੰ ਛੱਡ ਕੇ 'ਅਸੀਂ' ਦਾ ਯੁੱਧ
ਏਕੇ ਦਾ, ਹੱਕਾਂ ਦਾ ਯੁੱਧ,
ਸੰਗਰਾਮੀ ਸੋਚਾਂ ਦਾ ਯੁੱਧ,
ਲੜ ਰਹੇ ਹਾਂ ਹੁਣ
ਵਿਚਾਰਾਂ ਦੇ ਸਿਖ਼ਰ ਦਾ ਯੁੱਧ,
ਜੀਣ ਦੇ ਨਿੱਘ ਦਾ ਯੁੱਧ।

ਅਸੀਂ ਠਾਣ ਲਿਆ
ਵੱਡਾ ਮਘੋਰਾ ਕਰਨ ਲਈ
'ਸਮੇਂ ਦੇ ਪੱਥਰ' ਵਿੱਚ
ਹਾਂ ਅਸੀਂ ਲੜ ਰਹੇ ਹਾਂ ਪਹਿਲੀ ਵਾਰੀ
ਸ਼ਾਂਤੀ ਦਾ ਯੁੱਧ,
ਸ਼ਾਂਤੀ ਦਾ ਯੁੱਧ।

## ਚੁੱਪ ਦੀ ਮੌਤ

ਗੋਡੇ ਨੇ ਅੱਜ ਹੀ ਨਹੀਂ
ਨੱਪੀ ਸੀ ਮੇਰੀ ਸੰਘੀ
ਇਹ ਤਾਂ ਯੁੱਗਾਂ ਤੋਂ ਮੇਰੀ ਧੌਣ ‘ਤੇ ਹੈ
ਕਦੇ ਜਾਤਾਂ, ਕਦੇ ਧਰਮਾਂ,
ਕਦੇ ਰੰਗਾਂ, ਕਦੇ ਭਾਸ਼ਾਵਾਂ ਦੇ ਰੂਪ ਵਿੱਚ
ਮੈਂ ਹਮੇਸ਼ਾਂ ਤੋਂ ਰੋਇਆ ਹਾਂ
ਚੀਕਿਆ ਹਾਂ
ਹੱਥ ਜੋੜ ਕੀਤੀਆਂ ਨੇ
ਅਰਜੋਈਆਂ।

ਪਰ-
ਮੇਰੇ ਹੱਕਾਂ ਨੂੰ ਡੱਸਣ ਵਾਲੀ ਨਸਲੀ ਡੈਣ
ਡਰਾਉਂਦੀ ਰਹੀ
ਧਮਕਾਉਂਦੀ ਰਹੀ
ਮਾਰਦੀ ਰਹੀ ਮੇਰੇ ਹੱਕਾਂ ਤੇ ਡਾਕਾ।

ਮੇਰੇ ਸਾਹ ਦਾ ਰੁਕਣਾ
ਮਾਮੂਲੀ ਗੱਲ ਹੀ ਤਾਂ ਸੀ
ਮੇਰੇ ਵਾਂਗ ਦਿੱਤੀਆਂ
ਹਜ਼ਾਰਾਂ ਕੁਰਬਾਨੀਆਂ ਦੇ ਵਾਂਗ
ਪਰ ਮੇਰੀ ਕੁਰਬਾਨੀ ਬਣੀ ਹੈ ਮਿਸਾਲ
ਇੱਕੀਵੀਂ ਸਦੀ ਦਾ ਅਟੱਲ ਇਤਿਹਾਸ
ਮੇਰੀ ਬੇਟੀ ਤੇ ਆਉਣ ਵਾਲੀਆਂ ਪੀੜ੍ਹੀਆਂ
ਜੋ ਲਿਖਣਗੀਆਂ ਇੱਕ ਨਵਾਂ ਇਤਿਹਾਸ।

ਫਿਜ਼ਾ ਵਿੱਚ ਹੁਣ ਹਾਉਕੇ-ਹਾਵੇ,
ਮਿੰਨਤਾਂ, ਰੋਣੇ ਨਹੀਂ
ਨਾਹਰੇ ਗੂੰਜਣਗੇ ਜੋ ਦੇਣਗੇ

ਮਨੁੱਖਤਾ ਨੂੰ ਸਵੱਲਾ ਰਾਹ
ਸਾਡੀ ਲੰਬੀ ਚੁੱਪ,
ਸਾਡੇ ਜਿਸਮਾਂ ਤੇ ਉਕਰੇ
ਲਾਸਾਂ ਦੇ ਨਕਸ਼ੇ ਤੇ
ਉਸਰੇਗਾ ਮਨੁੱਖੀ ਹੱਕਾਂ ਦਾ ਅਹਿਦ
ਉਸਾਰਣਗੇ ਅੱਜ ਦੇ ਪੈਰੋਕਾਰ
ਜਿਨ੍ਹਾਂ ਦੇ ਚਿੰਤਨ ਨੇ
ਚੇਤਨਤਾ ਦਾ ਫੜਿਆ ਹੈ ਪੱਲਾ
ਵਗਾਹ ਮਾਰਿਆ ਹੈ ਜਾਤਾਂ,
ਧਰਮਾਂ, ਰੰਗਾਂ, ਭਾਸ਼ਾਵਾਂ ਦਾ ਮਖੌਟਾ
ਹੁਣ ਕਰਨਗੇ ਚਿੱਤ ਨਸਲੀ ਦੁਸ਼ਮਣ ਨੂੰ
ਉਹ ਸਾਡੇ ਵਰਗੇ ਤੁਰਦੇ ਫਿਰਦੇ
ਬੇਸਿਰੇ ਧੜ੍ਹ ਨਹੀਂ
ਉਹਨਾਂ ਦੇ ਧੜ੍ਹਾਂ ਤੇ ਸਿਰ ਉੱਗ ਆਏ ਹਨ।

*(ਸਿਆਹ ਰੰਗ ਦੇ ਅਮਰੀਕਨ ਜੌਰਜ ਫਲਾਊਡ ਦੇ ਨਾਂ)*

## ਸ਼ੋਸ਼ਿਆਂ ਦੀ ਬਰਸਾਤ

ਅਦਾਕਾਰ,
ਦਿਖਾ ਰਿਹਾ ਹੈ ਅਦਾਕਾਰੀ
ਨਿੱਕੇ ਵੱਡੇ ਅਸਮਾਨ 'ਚ ਸ਼ੋਸ਼ੇ ਛੱਡ ਕੇ
ਹੋ ਗਏ ਹਾਂ ਅਸੀਂ ਮੂਰਛਤ
ਹਨੂੰਮਾਨ ਦੀ ਸੰਜੀਵਨੀ ਬੂਟੀ
ਵਰਗੀ ਸ਼ੈਅ ਨਾਲ
ਨਾ ਕਰਾਮਾਤ ਵਸ।

ਦੇਖਿਆ ਨਹੀਂ ਸੀ ਜਿਨ੍ਹਾਂ
ਮਨੁੱਖ ਨੂੰ ਡਕਾਰ ਜਾਣ ਵਾਲੀਆਂ
ਖੂੰਖਾਰ ਬੈਂਕਾਂ ਦਾ ਮੂੰਹ
ਅੱਜ ਲਾਈਨਾਂ ਵਿੱਚ ਖੜ੍ਹੇ ਹਨ ਭੁੱਖਣ ਭਾਣੇ
ਫ਼ਸਲਾਂ ਲਈ, ਵਿਆਹਾਂ ਲਈ
ਬੱਚਿਆਂ ਨੂੰ ਟੁੱਕ ਦੇਣ ਲਈ
ਮਰ ਵੀ ਰਹੇ ਹਨ
ਦਿਲ ਦੇ ਦੌਰਿਆਂ ਨਾਲ।
ਪੁਤਲੀਆਂ ਦਾ ਨਾਚ ਜਾਰੀ ਹੈ
ਮੀਡੀਆ ਚੈਨਲਾਂ ਤੇ।

ਇਹ ਜਲਵਾ ਹੀ ਤਾਂ ਹੈ
ਅਦਾਕਾਰੀ ਦਾ, ਕਲਾਕਾਰੀ ਦਾ
ਸਮਝਦੇ ਹਾਂ ਅਸੀਂ ਇਸਨੂੰ
ਤਬਦੀਲੀ ਦਾ ਚਿੰਨ੍ਹ।

ਉਹ ਆਉਂਦੇ ਹਨ
ਹਮੇਸ਼ਾਂ ਸ਼ੋਸ਼ਿਆਂ ਵਿੱਚ
ਜੋ ਸਾਡੀ ਜੰਗ ਨੂੰ ਗਿੱਠਾਂ ਵਿੱਚ ਨਹੀਂ
ਕਰ ਦਿੰਦੇ ਹਨ ਲੰਮੀ ਮੀਲਾਂ ਵਿੱਚ
ਫਿਰ ਅਸੀਂ ਮੀਲਾਂ ਦਾ ਫਾਸਲਾ
ਤਹਿ ਕਰਦੇ ਕਰਦੇ
ਭੁੱਖ ਤੇ ਦੁੱਖਾਂ ਦੀ ਜੰਗ ਲੜਦੇ-ਲੜਦੇ

ਆਪਣੀ ਡੰਗੋਰੀ ਦੇ ਜਾਂਦੇ ਹਾਂ
ਆਪਣੇ ਭਵਿੱਖ ਦੇ ਹੱਥ।

ਭਵਿੱਖ ਲੜਦਾ ਹੈ
ਉਹੀ ਭਿਆਨਕ ਜੰਗ
ਜਿਹੜੀ ਲੜੀ ਸੀ ਉਹਦੇ
ਪਿਉ, ਦਾਦੇ-ਪੜਦਾਦਿਆਂ ਨੇ
ਲਗਾਤਾਰ ਜਾਰੀ ਹੈ
ਸ਼ੋਸ਼ਿਆਂ ਦਾ ਬਜ਼ਾਰ
ਨਾਂ 'ਤੇ ਭ੍ਰਿਸ਼ਟਾਚਾਰ, ਜਮਾਂਖੋਰੀ
ਤੇ ਕਾਲਾ ਬਜ਼ਾਰ

ਸਵਾਲਾਂ ਦੀਆਂ ਹਨ੍ਹੇਰੀਆਂ
ਜਿਨ੍ਹਾਂ ਟਕਰਾਉਣਾ ਹੈ
ਕੂੜ੍ਹ ਹਨ੍ਹੇਰੀ, ਕਾਲ਼ੀ ਬੋਲ਼ੀ ਰਾਤ ਨਾਲ
ਕਰਨੀ ਹੈ ਸਲਾਮ
ਸਰਘੀ ਦੇ ਲਾਲ ਸੂਰਜ ਨੂੰ
ਉਹ ਚੁੱਪ-ਚਾਪ ਵਗ ਰਹੀਆਂ ਹਨ
ਆਪਣੀ ਆਪਣੀ ਹਵਾ ਦੇ ਰੁੱਖ ਲੈ ਕੇ
ਕਦੇ ਨਾ ਇੱਕ ਹੋਣ ਨੂੰ।

ਇਸੇ ਕਰਕੇ ਸ਼ੋਸ਼ੇ ਆਏ ਦਿਨ
ਨਿੱਤ ਵਰਸਦੇ ਰਹਿੰਦੇ ਹਨ
ਗੜ੍ਹਿਆਂ ਵਾਂਗ
ਸਾਨੂੰ ਤੋੜਨ ਲਈ,
ਵੱਖ ਕਰਨ ਲਈ
ਸਾਡੀ ਟੁੱਟੀ ਭੱਜੀ ਫਸਲ
ਮੁੜ ਤੋਂ ਪੈ ਜਾਂਦੀ ਹੈ
ਕਰੂੰਬਲਾਂ ਫੁੱਟਣ ਦੀ ਆਸ ਵਿੱਚ
ਮੀਲਾਂ ਦਾ ਫਾਸਲਾ
ਤਹਿ ਕਰਨ ਦੇ ਖ਼ਿਆਲ ਵਿੱਚ।

# ਜ਼ਿੰਦਗੀ ਦਾ ਸੂਰਜ

ਉਦਾਸੀ
ਉਦਾਸ ਜ਼ਿੰਦਗੀ ਦਾ ਨਾਂ ਨਹੀਂ
ਉਹ ਤਾਂ ਭਵਿੱਖ ਦਾ ਸੂਹਾ ਚਾਨਣ ਹੈ।
ਜੋ ਹਰ ਯੁੱਗ ਵਿੱਚ ਮੌਲੇਗਾ,
ਪਸਰੇਗਾ, ਵੰਡੇਗਾ
ਰੌਸ਼ਨੀ ਦੀਆਂ ਚਿਣਗਾਂ,
ਉਹ ਇੱਕ ਗੀਤ,
ਇੱਕ ਲਲਕਾਰ, ਹੂਕ ਤੇ ਦਹਾੜ
ਜੋ ਕਿਰਤੀਆਂ ਦੇ ਵਿਹੜਿਆਂ ਚੋਂ ਉੱਠੀ।
ਉਹ ਧੁਖਦੀ ਗਰਮਾਇਸ਼,
ਜੋ ਮੱਘਦੇ ਸੁਪਨਿਆਂ ਨੂੰ ਦਿੰਦੀ ਹੈ
ਇਨਕਲਾਬ ਦੀ ਪੁੱਠ।
ਉਹ ਹਾਉਕੇ ਦੀ ਲਾਟ,
ਕਿਰਨਾਂ ਦੇ ਕਾਫ਼ਲੇ ਬਣ
ਲਰਜ਼ਦੀ ਹੈ ਫਿਜ਼ਾਵਾਂ ਵਿੱਚ।

ਉਹ ਦੇ ਸ਼ਬਦਾਂ ਦੇ ਤੀਰ ਲਾਉਂਦੇ ਹਨ ਆਰਾਂ,
ਸੁੱਤੇ ਲੋਕਾਂ ਦੀ ਸੁੱਤੀ ਸੁਰਤ ਨੂੰ।
ਜੋ ਸੱਪਾਂ ਵਾਗੂੰ ਮੇਲ੍ਹਦੀ ਵੀ ਹੈ,
ਦੁਸ਼ਮਣਾਂ ਦੀਆਂ ਹਿੱਕਾਂ ਉੱਤੇ।
ਉਸਦੀਆਂ ਹੇਕਾਂ,
ਛੇੜਦੀਆਂ ਹਨ ਤਰੰਗਾਂ
ਖੜ੍ਹੇ ਤਲਾਵਾਂ ਵਿੱਚ।

ਉਹ ਗੁਰਬਤ ਦੇ ਮਾਰੇ,
ਭੁੱਖਾਂ ਦੇ ਸਤਾਏ
ਕਾਮਿਆਂ ਦੀ ਵੇਦਨਾ ਲਿਖਦਾ ਵੀ ਹੈ
ਖ਼ੂਨ ਦੇ ਡੋਬ੍ਹੇ ਨਾਲ।
ਚੁੰਨ੍ਹੀਆਂ ਅੱਖਾਂ ਵਿੱਚ ਤੈਰਦਾ ਅੰਤਾਂ ਦਾ ਰੋਹ
ਮੱਚਦਾ ਹੈ ਭਾਂਬੜ ਬਣ ਦਿਲਾਂ ਵਿੱਚ।
ਗ਼ਮਾਂ ਦੀਆਂ ਪੰਡਾਂ ਢੋਹਦੇਂ

ਖਾਲੀ ਖੀਸਿਆਂ ਨੂੰ ਫਰੋਲ੍ਹਦੇ
ਨੰਗ-ਧੜੰਗੇ ਬਾਲਾਂ ਦੀ ਵਿਥਿਆ।

ਗਾਉਂਦਾ ਹੈ ਵੰਗਾਰ ਕੇ, ਹੇਕ ਲਾ ਕੇ
ਮੁੜ੍ਹਕੇ ਦੇ ਮੋਹ ਦੀਆਂ ਸੁਗੰਧੀਆਂ ਦਾ ਮੁੱਲ
ਪਵਾਉਂਦਾ ਹੈ ਇਤਿਹਾਸ ਤੋਂ,
ਉਸਦੇ ਸ਼ਬਦ ਕਰਵਾਉਂਦੇ ਹਨ,
ਕੰਮੀਆਂ ਤੋਂ ਹਥਿਆਰਾਂ ਦੀ ਖੇਤੀ,
ਉਹ ਲੂਸੇ ਮਜ਼ਦੂਰਾਂ ਦੇ ਪਿੰਡਿਆਂ 'ਤੇ
ਲਾਉਂਦਾ ਹੈ ਮੱਲ੍ਹਮ,
ਗੋਬਿੰਦ, ਲੈਨਿਨ ਤੇ ਮਾਰਕਸ ਦੀਆਂ ਯਾਦਾਂ ਦੀ।

ਭੁੱਖਾਂ-ਦੁੱਖਾਂ ਦੇ ਰੋਣੇ ਰੋਂਦਿਆਂ ਨੂੰ
ਦਿੰਦਾ ਹੈ ਤਸ਼ਬੀਹਾਂ
ਜੂਝਦੇ ਜੁਝਾਰੂ ਵਿਰਸੇ ਦੀਆਂ,
ਤਸ਼ੱਦਦ ਦੀਆਂ ਚੀਸਾਂ ਦਾ ਦਰਦ ਵੰਡਦਾ ਹੈ
ਖਿਲੇਰ ਕੇ ਚਾਨਣ ਦੀਆਂ ਮੁੱਠਾਂ,
ਕਲਮ ਚੋਂ ਉਪਜੇ ਰੋਹਲੇ ਬਾਣ
ਕਰਦੇ ਹਨ ਵਾਰ,
ਵਰਮੀਆਂ ਵਿੱਚ ਵਸੇ ਨਾਗ਼ਾਂ 'ਤੇ
ਆਥਣਾਂ ਸੰਗ ਕਰਕੇ ਅਹਿਦਨਾਮਾ,
ਧਰਾਉਂਦਾ ਹੈ ਸੀਸ ਤਲ਼ੀਆਂ ਤੇ
ਰੋਕਦਾ ਵੀ ਹੈ
ਲੋਕਾਂ ਦੀਆਂ ਸੱਧਰਾਂ ਦਾ ਖ਼ੂਨ ਹੋਣੋ,
ਵੰਗਾਰ ਕੇ ਕਿਰਣਾਂ ਦੇ ਕਾਤਲਾਂ ਨੂੰ।

ਉਹ ਸੀ ਹਨ੍ਹੇਰਿਆਂ ਵਿੱਚ ਧੁੱਖਦੀ
ਜ਼ਿੰਦਗੀ ਦਾ ਸੂਰਜ,
ਸੂਰਜ ਕਦੇ ਮਰਿਆ ਨਹੀਂ
ਜ਼ਿੰਦਾ ਹੈ
ਲੋਕ-ਧੁਨਾਂ ਦੀਆਂ ਧੜਕਣਾਂ ਵਿੱਚ।

*(ਸੰਤ ਰਾਮ ਉਦਾਸੀ ਨੂੰ ਸਮਰਪਿਤ)*

## ਕਰਮ ਭੂਮੀ (ਕੈਨੇਡਾ)

ਐ ਮੇਰੀ ਕਰਮ ਭੂਮੀ
ਤੂੰ ਸਦਾ ਸਲਾਮਤ ਰਹੇਂ...
ਕਈ ਸਾਲ ਪਹਿਲਾਂ
ਮਾਤ ਭੂਮੀ ਨੂੰ ਕਹਿ ਕੇ ਅਲਵਿਦਾ
ਰੱਖੇ ਸਨ ਡਰਦਿਆਂ ਡਰਦਿਆਂ
ਤੇਰੇ ਸੀਨੇ ਤੇ ਕਦਮ
ਤਾਂ ਧਾਹੀਂ ਰੋਈ ਸੀ
ਮਾਤ ਭੂਮੀ ਲਈ।

ਤੇਰੀ ਗੋਦ ਨੂੰ ਪਰਾਇਆ ਸਮਝ
ਛਟ-ਪਟਾਈ ਸੀ, ਅੱਗ ਬਗੂਲਾ
ਕੱਪੜਿਆਂ ਤੋਂ ਬਾਹਰ
ਪੱਥਰਾਂ ਦੀ ਧਰਤੀ ਕਹਿ
ਤੇਰੇ ਮੋਹ ਦੀਆਂ ਤੰਦਾਂ ਵਿੱਚ
ਨਹੀਂ ਚਾਹੁੰਦੀ ਸੀ
ਓਤ-ਪੋਤ ਹੋਣਾ।

ਮਾਤ ਭੂਮੀ ਦੀ ਪੀਢੀ ਗਲਵੱਕੜੀ
ਜਕੜੀ ਬੈਠੀ ਸੀ
ਮੁਹੱਬਤ ਭਰੇ ਰਿਸ਼ਤਿਆਂ ਨੂੰ,
ਅਹਿਸਾਸਾਂ ਤੇ ਸੁਪਨਿਆਂ ਦੀ ਗੱਠੜੀ
ਚਾਹੁੰਦੀ ਨਹੀਂ ਸੀ
ਕੁੱਛੜ ਵਿੱਚੋਂ ਕੱਢਣੀ
ਕਿਤੇ ਖਿੱਲਰ ਨਾ ਜਾਵੇ,
ਬਿੱਖਰ ਨਾ ਜਾਵੇ

ਥੋੜ੍ਹੇ ਦਿਨ੍ਹਾਂ ਵਿੱਚ ਤੇਰੇ ਮੋਹ ਨੇ
ਸੱਜਰੇ ਸੁਪਨਿਆਂ ਨੇ, ਮੁਸ਼ੱਕਤ ਨੇ
ਕਰਾ ਦਿੱਤਾ ਸੀ ਅਹਿਸਾਸ
ਭੁੱਖ, ਦੁੱਖ ਤੇ ਗਰੀਬੀ ਦਾ
ਦਿਲ ਤੇ ਦਿਮਾਗ਼ ਦਾ
ਮਾਤ ਭੂਮੀ ਤੇ
ਕਰਮ ਭੂਮੀ ਦੇ ਵਖਰੇਵਿਆਂ ਦਾ।

ਜਜ਼ਬਾਤ ਦੀਆਂ ਤੰਦਾਂ ਦੇ
ਤਾਣੇ-ਬਾਣੇ ਵਿੱਚੋਂ ਨਿਕਲ
ਪ੍ਰੈਕਟੀਕਲ ਬਣਨ ਦਾ
ਦੋ ਵੇਲੇ ਦੀ ਰੋਟੀ ਰੱਜ ਕੇ ਖਾਣ ਦਾ
ਉਸ ਮੈਨੂੰ ਰੱਜਵਾਂ ਪਿਆਰ ਤਾਂ ਦਿੱਤਾ
ਦਿਲ ਨਾਲ
ਪਰ ਮੈਂ ਰੁਜ਼ਗਾਰ ਤੋਂ ਵਾਂਝੀ
ਭਟਕਦੀ ਭਟਕਦੀ ਹੀ ਤਾਂ
ਪਹੁੰਚੀ ਸੀ ਤੇਰੇ ਦਰ ਤੇ।

ਹੁੰਦੀ ਹਾਂ ਮੈਂ ਹਮੇਸ਼ਾਂ ਚਿੰਤਤ
ਮਾਤ ਭੂਮੀ ਦੀਆਂ ਪੜ੍ਹ ਕੇ ਸੁਰਖ਼ੀਆਂ
ਬਦ ਤੋਂ ਬਦਤਰ ਹੋਣ ਦੀਆਂ
ਕਾਲ਼ਜੇ ਵਿੱਚੋਂ ਉੱਠਦੀ ਹੈ ਹੂਕ
ਹੋ ਜਾਂਦੀ ਹਾਂ ਖ਼ੌਫ਼ਜ਼ਦਾ।

ਸੀਨੇ ਵਿੱਚ ਇੱਕ ਹੋਰ ਖ਼ੌਫ਼ ਵੀ
ਪਨਪਣ ਲੱਗਿਆ ਹੈ ਕੁੱਝ ਸਾਲਾਂ ਤੋਂ
ਇੱਥੇ ਵੀ ਵਰ੍ਹਦੀਆਂ ਗੋਲ਼ੀਆਂ
ਸੁਲਾਉਣ ਲੱਗੀਆਂ ਨੇ ਲੈਰ੍ਹੀਆਂ ਉਮਰਾਂ
ਜਿਹਨਾਂ ਦੇ ਸੁਪਨੇ ਕੋਰੇ ਹਨ ਅਜੇ
ਇੱਥੇ ਵੀ ਹੁਣ ਬਰਫ਼ਾਂ ਵਿੱਚ ਬੇਘਰੇ
ਬਣ ਜਾਂਦੇ ਹਨ ਸਿੱਲ ਪੱਥਰ
ਕਕਰੀਲੀਆਂ 'ਨੇਰ੍ਹੀਆਂ ਰਾਤਾਂ ਨੂੰ

ਸ਼ੌਕ ਨਾਲ ਖ਼ੂੰਖਾਰ ਡਰੱਗਾਂ ਦਾ
ਸਵਾਦ ਚੱਖ਼ਦੇ-ਚੱਖ਼ਦੇ
ਹੋ ਜਾਂਦੇ ਨੇ ਮੂਰਛਤ ਜ਼ਿੰਦਗੀ ਤੋਂ।

ਐ ਮੇਰੀ ਕਰਮ ਭੂਮੀ
ਬਚਾ ਕੇ ਰੱਖੀਂ ਇਸ
ਖ਼ਤਰਨਾਕ ਜ਼ਾਲਮ ਸੰਨਾਟੇ ਤੋਂ
ਆਪਣੀ ਜਵਾਨੀ
ਉਹ ਹੋ ਨਾ ਜਾਣ ਮਜ਼ਬੂਰ
ਹੇਸਟਿੰਗਸ ਸਟਰੀਟ ਨੂੰ
ਬਣਾਉਣ ਲਈ ਆਪਣਾ ਰੈਣ-ਬਸੇਰਾ।

ਤੇਰੀ ਸਲਾਮਤੀ ਨੂੰ ਦੇਖ ਕੇ ਹੀ
ਫਿੱਕਾ ਪਿਆ ਸੀ ਮਾਤ-ਭੂਮੀ ਦਾ ਮੋਹ
ਐ ਕਰਮ ਭੂਮੀ
ਮੇਰੀ ਦੁਆ ਐ
ਤੂੰ ਸਦਾ ਸਲਾਮਤ ਰਹੇਂ
ਤੂੰ ਸਦਾ ਸਲਾਮਤ ਰਹੇਂ।

*(ਹੇਸਟਿੰਗਸ ਸਟਰੀਟ ਵੈਨਕੂਵਰ ਦੀ ਡਰੱਗ ਖਾਣ ਵਾਲਿਆਂ ਲਈ ਬਦਨਾਮ ਥਾਂ)*

## ਛੱਡ ਦੇ ਗਿਲ੍ਹਾ

ਅਜੇ ਤਾਂ ਹੈ ਚੱਲਣ ਦਾ ਸਮਾਂ
ਹੱਥਾਂ ਵਿੱਚ ਹੱਥ ਪਾ ਕੇ,
ਮੁੱਕਾ ਹਵਾ ਵਿੱਚ ਲਹਿਰਾ ਕੇ,
ਧਰਮਾਂ ਦੀ ਅੱਗ ਬੁਝਾ ਕੇ,
ਇਨਸਾਨੀਅਤ ਦੇ ਗੀਤ ਗਾ ਕੇ,
ਸਾਂਝਾ ਦੇ ਬੋਲ ਪੁਗਾ ਕੇ,
ਸੂਰਜ ਮੱਥੇ ਵਿੱਚ ਉਗਾ ਕੇ।

ਹੋਣਾ ਹੈ ਸਨਮੁੱਖ ਸਾਜਸ਼ੀ ਮੌਸਮਾਂ ਦੇ
ਕੱਢਣ ਲਈ ਜ਼ਿੰਦਗੀ ਦੇ ਚਿੱਬ,
ਦੇਣਾ ਹੈ ਨਿੱਘ ਸੀਤ ਦੇ ਭੰਨਿਆਂ ਨੂੰ
ਜਾਨਣਾ ਹੈ ਕ੍ਰਿਸ਼ਮਿਆਂ ਦਾ ਸੱਚ,
ਲੰਘਣਾ ਹੈ ਕਤਲਗਾਹਾਂ ਦੇ ਬਜ਼ਾਰ ਵਿੱਚੋਂ
ਹੋਣਾ ਹੈ ਆਰ ਪਾਰ ਮਖੌਟਿਆਂ ਦੇ,
ਲੜਨਾ ਹੈ ਜਵਾਨੀ ਦੀਆਂ ਬਰੂਹਾਂ ਤੇ
ਬੈਠੀ ਭਿਅੰਕਰ ਮੌਤ ਨਾਲ,
ਜੂਝਣਾ ਹੈ ਸੁਰਖ਼ ਸਵੇਰਿਆਂ ਦੇ ਖਾਬਾਂ ਲਈ,
ਦੋ ਹੱਥ ਵੀ ਕਰਨੇ ਨੇ
'ਨੇਰ੍ਹਿਆਂ ਦੇ ਅਲੰਬਰਦਾਰਾਂ ਨਾਲ
ਤੋੜਨਾ ਹੈ ਖਾਮੋਸ਼ੀ ਦੇ ਤਾਲ਼ੇ ਨੂੰ।
ਚੱਲ ਛੱਡ ਯਾਰ, ਛੱਡਦੇ ਗਿਲ੍ਹਾ
ਗਲ਼ੇ ਮਿਲ਼, ਜੱਫੀ ਪਾ
ਆਪਾਂ ਤਾਂ ਜਿੱਤਣਾ ਹੈ ਸਾਰਾ ਸੰਸਾਰ।

## ਸ਼ਬਦਾਂ ਦੀ ਰਾਜਨੀਤੀ

ਸ਼ਬਦ ਤਾਂ ਸਾਥੀ ਹਨ ਉਮਰਾਂ ਦੇ
ਇਹ ਆਪਣੇ ਰੰਗ ਵਿੱਚ ਰੰਗੇ
ਸੁਹੱਪਣ ਹਨ ਜ਼ਿੰਦਗੀ ਦਾ
ਰਾਜਨੀਤਕ ਦੰਭਾਂ ਵਿੱਚ ਉਲ਼ਝੇ
ਕਈ ਵਾਰ
ਬਣ ਬਹਿੰਦੇ ਹਨ ਸ਼ਬਦ-ਕੁਸ਼ਬਦ।

ਮਰ ਚੁੱਕੀ ਸੰਵੇਦਨਾ
ਕਰਦੀ ਹੈ ਇਹਨਾਂ ਨੂੰ ਲੀਰੋ-ਲੀਰ
ਖੱਸੀ ਜ਼ਿਹਨੀਅਤ ਦਾ ਖਾਸਾ
ਸਮੇਂ ਦੀ ਤੋਰ ਨਾਲ਼
ਕਰਨ ਲੱਗਦਾ ਹੈ ਫਿਰ
ਸ਼ਬਦਾਂ ਦੀ ਜਾਦੂਗਰੀ
ਸ਼ਬਦਾਂ ਦੀ ਕੋਝੀ ਸਿਆਸਤ
ਬੋਲਦੇ ਹਨ ਬੋਲੀ ਕੁਸ਼ਬਦਾਂ ਦੀ
ਫਸ ਜਾਂਦੇ ਹਨ ਸ਼ਬਦ ਗਲ਼ੇ ਦੀ ਹੱਡੀ ਵਾਂਗ
ਸੰਵੇਦਨਾ ਦੇ ਤੰਗ ਰਾਹ ਵਿੱਚ।

ਸ਼ਬਦਾਂ ਦੇ ਅਰਥ
ਬਦਲਦੇ ਹਨ ਪੈਰ ਪੈਰ ਤੇ
ਮੋਦੀ ਤੇ ਟਰੰਪ ਦੇ ਭਾਸ਼ਨਾਂ ਵਾਂਗ
ਜੋ ਵਿਸ਼ ਵਾਂਗ ਫੈਲਦੇ ਹਨ
ਸਮਾਜੀ ਕੋਹੜ ਬਣ ਕੇ
ਲੋਕਾਂ ਦੇ ਧੁਰ ਅੰਦਰ ਤੱਕ
ਸ਼ਬਦ ਕਿਸੇ ਵੀ ਭਾਸ਼ਾ ਦੇ ਹੋਣ
ਲੁੱਟ ਦੀ ਭਾਸ਼ਾ ਸਿਰਫ਼ ਇੱਕ ਹੈ
ਜੋ ਜਨਮ ਦੀ ਹੈ ਹਾਊਮੈ ਤੇ ਲਾਲਚ ਦੇ
ਅਣਮਿਣਵੇਂ ਢਿੱਡ ਵਿੱਚੋਂ।

ਮਜ਼ਦੂਰ ਲਈ ਸ਼ਬਦਾਂ ਦੇ ਅਰਥ
ਉਸਦੇ ਛੋਟੇ ਛੋਟੇ ਸੰਦ ਹਨ
ਜਿਹਨਾਂ ਨਾਲ ਆਥਣ ਨੂੰ
ਭਰਨੀ ਹੈ ਗਰਾਹੀ ਉਸਦੇ ਬੱਚਿਆਂ ਨੇ
ਮੋਦੀ ਜਾਂ ਟਰੰਪ ਦੇ ਕਹੇ ਸ਼ਬਦ
ਦੇਸ਼ ਦੇ ਲੋਕਾਂ ਨਾਲ ਕੀਤੀ ਹੁੰਦੀ ਹੈ
ਕੋਝੀ ਮਸ਼ਕਰੀ।

ਤੁਸੀਂ ਸ਼ਬਦਾਂ ਨੂੰ ਫਲੂਹਾ ਨਾ ਬਣਾਓ
ਅਰਥਾਂ ਨੂੰ ਗਰਭਪਾਤ ਤੋਂ ਬਚਾਓ
ਸ਼ਬਦਾਂ ਦੇ ਅਰਥਾਂ ਨੂੰ ਬੇਅਰਥ ਨਾ ਕਰੋ
ਇਹਨਾਂ ਨੂੰ ਅਰਥ ਦਿਓ ਚਾਨਣ ਦੇ
ਜੋ ਹਨ੍ਹੇਰਿਆਂ ਨੂੰ ਚੀਰ ਦੇਣ
ਮਨੁੱਖ ਦੀ ਤਕਦੀਰ ਬਦਲ ਦੇਣ।

ਸ਼ਬਦਾਂ ਨੂੰ ਕਿਤਾਬਾਂ ਦਾ
ਸ਼ਿੰਗਾਰ ਬਣਾ ਕੇ ਕਰੂੰਡਾ ਨਾ ਕਰੀਏ
ਨਹੀਂ ਤਾਂ ਸਿਊਂਕ ਖਾ ਜਾਵੇਗੀ ਸਿਧਾਂਤਾਂ ਨੂੰ
ਦੇਈਏ ਅਮਲੀ ਜਾਮਾ।

ਤਾਂ ਕਿ ਸ਼ਬਦ ਮਹਾਨ ਬਣ ਜਾਣ,
ਮਨੁੱਖਤਾ ਲਈ ਬਲੀਦਾਨ ਬਣ ਜਾਣ,
ਦੰਭੀਆਂ ਲਈ ਤੀਰ ਕਮਾਨ ਬਣ ਜਾਣ,
ਕਾਮੇ ਲਈ ਭੁੱਖ ਦਾ ਸਮਾਨ ਬਣ ਜਾਣ,
ਤੇ ਇਹ ਸ਼ਬਦ---
ਭਵਿੱਖ ਦੇ ਚੜ੍ਹਦੇ ਸੂਰਜ ਦਾ ਅਰਮਾਨ ਬਣ ਜਾਣ।

## ਸਵੈ-ਚਿੰਤਨ

ਜਦੋਂ ਤੋਂ ਮੈਂ ਅੱਖਾਂ ਮੀਚ
ਮੈਂ, ਮੈਂ, ਮੈਂ---ਕਰਕੇ
ਚੱਲਣਾ ਕੀਤਾ ਸੀ ਸ਼ੁਰੂ
ਚੱਲਦੇ ਵੱਗਾਂ ਮਗਰ
ਪਛਾਣੀ ਹੈ ਉਹਨਾਂ ਮੇਰੀ ਜਾਤ।

ਉਹ ਲੋਭੀ ਤਿੱਖੀਆਂ ਕੈਂਚੀਆਂ ਲੈ
ਘੁੰਮਦੇ ਹਨ ਹਰ ਵਕਤ ਮੇਰੇ ਦੁਆਲ਼ੇ
ਮੁੰਨ ਲੈ ਜਾਂਦੇ ਹਨ ਵੇਲ਼ੇ-ਕੁਵੇਲ਼ੇ
ਗਰਮੀ ਸਰਦੀ ਹਰ ਰੁੱਤੇ
ਮੇਰੀ ਮਖ਼ਮਲੀ ਉੱਨ
ਘੋਨ-ਮੋਨ ਕਰਕੇ
ਭਰਦਾ ਨਹੀਂ ਢਿੱਡ
ਫਿਰ ਹੋ ਜਾਂਦੇ ਨੇ ਮੇਰੇ
ਹੱਡ ਮਾਸ ਦੇ ਦੁਆਲ਼ੇ।

ਮੈਂ ਸੋਚਿਆ ਹੈ
ਕਿਉਂ ਨਾ ?
ਅੱਖਾਂ ਖੋਲ੍ਹ, ਕੰਨੀ ਸੁਣ,
ਆਪਣੀ ਅਵਾਜ਼ ਬਣ
ਕੰਡਿਆਂ, ਕੰਕਰਾਂ ਨੂੰ ਮਿੱਧ
ਬਣਾਵਾਂ ਨਵੀਂ ਪਗਡੰਡੀ।

ਨਵੀਆਂ ਪੈੜਾਂ
ਅਖਤਿਆਰ ਕਰਾਂ
ਨਵੇਂ ਚਿੰਤਨ ਦੇ ਰਾਹ
ਨਿਜਾਤ ਪਾਵਾਂ
ਇਸ ਮੈਂ, ਮੈਂ, ਮੈਂ --ਵਾਲ਼ੇ

ਕਲੰਕਤ ਨਾਂ ਤੋਂ
ਫਿਰ ਨਾ ਲਾ ਸਕੇ
ਕੋਈ ਕੈਂਚੀ ਤੇ
ਨਾ ਕੋਈ ਹੱਥ।

## ਸੰਘਰਸ਼ੀ ਯੋਧਿਆਂ ਦੇ ਨਾਂ

ਮੇਰੇ ਬੱਚਿਓ, ਵਤਨ ਦੇ ਆਸ਼ਕੋ
ਤੁਸੀਂ ਕੀਤਾ ਹੈ ਯਾਦ ਮੈਨੂੰ
ਪੜ੍ਹ ਲਿਆ ਹੈ ਪਾਠ ਸੰਘਰਸ਼ਾਂ ਦਾ
ਹੱਕਾਂ ਦੀ ਖ਼ਾਤਰ, ਫ਼ਰਜ਼ਾਂ ਦੀ ਖ਼ਾਤਰ
ਕੀਤਾ ਹੈ ਤਹੱਈਆ ਮਜ਼ਲੂਮਾਂ ਲਈ
ਜ਼ੁਲਮਾਂ ਦੀ ਭੱਠੀ ਵਿੱਚ ਤਪ ਕੇ
ਨਿਰੀ ਅੱਗ ਨਹੀਂ ਸੇਕੀ ਤੁਸੀਂ
ਵੱਢੀਆਂ ਹਨ
ਖ਼ੁਦਕਸ਼ੀਆਂ ਦੀਆਂ ਅਗੇਤੀਆਂ ਫ਼ਸਲਾਂ
ਢਾਲ਼ਿਆ ਹੈ ਆਪਣੇ ਆਪ ਨੂੰ
ਮਜ਼ਬੂਤ ਇਰਾਦਿਆਂ ਵਿੱਚ ਜੋ
ਮਨੁੱਖਤਾ ਦਾ ਕਰਜ਼ ਉਤਾਰਨ।

ਮੇਰੇ ਬੱਚਿਓ, ਮਾਨਵਤਾ ਦੇ ਹਾਮੀਓ
ਮੇਰੇ ਰਾਹਾਂ ਤੇ ਚੱਲ ਕੇ
ਲਿਆਂਦਾ ਹੈ ਚੰਡੀ ਦੀ ਵਾਰ ਵਾਂਗ
ਜੋਸ਼ੀਲੇ ਰੋਹਲੇ ਗੀਤਾਂ ਦਾ ਹੜ੍ਹ
ਜਿਸਨੇ ਭਰਿਆ ਹੈ ਲੋਹੜੇ ਦਾ ਜੋਸ਼
ਵੰਡਣ ਲਈ ਸਵੇਰੇ ਮਾਨਵਤਾ ਨੂੰ
ਜਾਗੀਆਂ ਨੇ ਸੁੱਤੀਆਂ ਕਦਰਾਂ ਕੀਮਤਾਂ
ਦੇਣ ਲਈ ਪਾਣ ਕੁਰਬਾਨੀਆਂ ਨੂੰ
ਵਾਰ ਰਹੇ ਹੋ ਆਪਾ ਤੁਸੀਂ
ਦੇ ਰਹੇ ਹੋ ਚਾਨਣ ਦੇ ਛਿੱਟੇ
ਜਿਨ੍ਹਾਂ ਉੱਗਣਾ ਹੈ ਜਵਾਨੀਆਂ ਦੇ ਦਿਲਾਂ ਵਿੱਚ
ਤੁਸੀਂ ਖਾਧੀ ਹੈ ਕਸਮ ਮੱਸਿਆ ਨੂੰ ਮੇਟਣ ਦੀ
ਨਿਆਂ ਦੀ ਜੋਤ ਜਗਾਉਣ ਲਈ।

ਮੇਰੇ ਬੱਚਿਓ, ਸੱਚੇ ਸੁੱਚੇ ਹੀਰਿਓ
ਤੁਸੀਂ ਚਮਕੋਂਗੇ ਜੱਗ ਤੇ
ਕੂੜ ਹਨ੍ਹੇਰੇ ਵਿੱਚੋਂ ਬਲ਼ਦੀਆਂ
ਮਿਸ਼ਾਲਾਂ ਦੇ ਦੀਪ ਲੈ ਕੇ
ਜਾਬਰਾਂ ਦੀ ਹੋਣੀ ਲਈ
ਸ਼ਾਂਤੀ ਦਾ ਖ਼ੌਫ਼ ਦੇ ਕੇ
ਤੁਸੀਂ ਠਾਰਦੇ ਰਹੇ ਜਿਵੇਂ ਕਿਵੇਂ
ਢਿੱਡਾਂ ਵਿੱਚ ਮੱਚਦੀ ਅੱਗ
ਜਰਵਾਣੇ ਦਿਖਾਉਂਦੇ ਰਹੇ
ਕਠਪੁੱਤਲੀਆਂ ਦਾ ਨਾਚ ਹੱਸ ਹੱਸ ਕੇ
ਉਹਨਾਂ ਦੇ ਹਾਸਿਆਂ ਨੇ
ਪੈਰੀਂ ਛਾਲੇ ਤੇ ਹੱਥੀਂ ਅੱਟਣਾਂ ਦਾ
ਕਰਵਾ ਦਿੱਤਾ ਹੈ ਅਹਿਸਾਸ ਤੇ
ਚਮਕਣ ਦਾ ਜਾਗ।

ਮੇਰੇ ਬੱਚਿਓ, ਸੂਰਬੀਰ ਯੋਧਿਓ
ਸਮੇਂ ਨੇ ਥੋਡੇ ਹੱਥ ਫੜ੍ਹਾਈ ਹੈ ਵਾਗ਼
ਝੁਕਣਾ, ਲਿਫ਼ਣਾ ਹੋਵੇਗੀ ਤੌਹੀਨ
ਹੱਕਾਂ ਦੀ ਜ਼ਮੀਰ ਲਈ
ਜ਼ਿੰਦਗੀ ਦੇ ਬਾਗ਼ ਵਿੱਚ
ਫੁੱਲ ਖਿੜਾਵਣ ਵਾਲਿਓ
ਸੱਚ ਦੇ ਰਾਹੀਓ
ਜ਼ੁਲਮਾਂ ਦੀ ਕਾਂਗ ਨੂੰ ਪਾਉਣ ਲਈ ਠੱਲਾਂ
ਬਦਲ ਦਿੱਤਾ ਹੈ ਤੁਸੀਂ ਸੋਚਾਂ ਨੂੰ ਬਗ਼ਾਵਤਾਂ ਵਿੱਚ।

ਮੇਰੇ ਬੱਚਿਓ, ਸਮਿਆਂ ਦੇ ਸਾਥੀਓ
ਤੁਸੀਂ ਮੇਰੇ ਏਕੇ ਦੇ ਅੰਮ੍ਰਿਤ ਦਾ ਮੁੱਲ ਪਾਇਆ ਹੈ
ਜਾਤਾਂ ਪਾਤਾਂ ਦੇ ਬਿਖੇੜੇ ਤੋਂ ਨਿਜਾਤ ਪਾਇਆ ਹੈ
ਭਾਈ ਘਨੱਈਏ ਦੇ ਪਾਣੀ ਪਿਲਾਉਣ ਦਾ ਫ਼ਰਜ਼ ਨਿਭਾਇਆ ਹੈ
ਦੀਨ ਤੇ ਫਿਰਕਾਪ੍ਰਸਤੀ ਨੂੰ ਖੋਰਾ ਲਾਇਆ ਹੈ
ਸਿਦਕ ਸਿਰੜ ਦਾ ਬਿਗਲ ਵਿਦੇਸੀਂ ਪਹੁੰਚਾਇਆ ਹੈ
ਮੇਰੇ ਖ਼ੂਨੀ ਇਤਿਹਾਸ ਦਾ ਪੰਨਾ ਫਿਰ ਤੋਂ ਪਲਟਾਇਆ ਹੈ

ਮੇਰੇ ਬਰਾਬਰਤਾ ਦੇ ਸੁਪਨੇ ਨੂੰ ਸਾਕਾਰ ਕਰਨ ਲਈ
ਆਪਣਾ ਰਾਹ ਰੁਸ਼ਨਾਇਆ ਹੈ।
ਸੱਚ ਦਾ ਰਾਹ ਅਪਣਾਇਆ ਹੈ।
ਜਿੱਤ ਦਾ ਝੰਡਾ ਝੁਲਾਉਣ ਲਈ
ਮੇਰੇ ਬੱਚਿਓ ਤੁਸੀਂ
ਹਰ ਦੁੱਖ ਪਿੰਡੇ ਤੇ ਹੰਢਾਇਆ ਹੈ
ਸ਼ਾਵਾਸ਼ੇ ! ਤੁਸੀਂ ਸੱਚ ਦਾ ਰਾਹ ਅਪਣਾਇਆ ਹੈ।

*(ਗੁਰੂ ਗੋਬਿੰਦ ਸਿੰਘ ਦਾ ਪੈਗ਼ਾਮ)*

## ਵੱਡੀ ਦੁਕਾਨ

ਬਚਪਨ ਵਿੱਚ ਸੁਣਿਆ ਸੀ
ਅਮਰੀਕਾ ਵਿੱਚ ਇੱਕ ਦੁਕਾਨ ਹੈ
ਬਹੁਤ ਵੱਡੀ
ਜਿੱਥੇ ਵਿਕਦਾ ਹੈ
ਸੂਈ ਤੋਂ ਸਿਲਾਈ ਤੱਕ
ਪਿੰਨ ਤੋਂ ਜਹਾਜ਼ ਤੱਕ।

ਜਦੋਂ ਦੇਖਿਆ ਸੱਚ ਸੀ
ਦੁਨੀਆਂ ਦੌੜ ਰਹੀ ਹੈ
ਖ਼੍ਰੀਦਣ ਲਈ
ਢੇਰਾਂ ਦੇ ਢੇਰ ਕੱਪੜੇ, ਗਹਿਣੇ
ਬਰੈਂਡਡ ਕਾਰਾਂ, ਫ਼ੋਨ
ਕਿੰਨਾ ਹੀ ਨਿੱਕ-ਸੁੱਕ
ਸਿਰ ਤੋਂ ਪੈਰਾਂ ਤੱਕ
ਬੂਹਿਆਂ ਤੋਂ ਖੂੰਜਿਆਂ ਤੱਕ
ਤੂੜੇ ਪਏ ਹਾਂ ਚੀਜ਼ਾਂ ਨਾਲ
ਸਕੂਨ ਲਈ ਬਚਦੀ ਨਹੀਂ
ਇੱਕ ਇੰਚ ਵੀ ਥਾਂ
ਕਿਉਂਕਿ ਖ਼੍ਰੀਦਣਾ, ਵੇਚਣਾ
ਬਣ ਗਈ ਹੈ ਜ਼ਿੰਦਗੀ
ਗੁੰਮ ਗਈ ਹੈ ਹੋਂਦ-ਅਣਹੋਂਦ।

ਜ਼ਿੰਦਗੀ ਤਾਂ ਬੱਸ
ਘਰ ਤੋਂ ਕੰਮ
ਕੰਮ ਤੋਂ ਬਜ਼ਾਰ
ਬਜ਼ਾਰ ਤੋਂ ਬਿਸਤਰਾ
ਸੱਚ ਹੀ ਤਾਂ ਹੈ ਇਹ

ਬਚਿੱਤਰ ਦੁਨੀਆਂ ਦੀ
ਸਭ ਤੋਂ ਵੱਡੀ ਦੁਕਾਨ
ਕਿਸਦਾ ਜੀਅ ਨਹੀਂ ਕਰਦਾ
ਇਹਨੂੰ ਦੇਖਣ ਲਈ।

ਪਰ ਕੁੱਝ ਲੋਕਾਂ ਦੇ ਵਿਕ ਰਹੇ ਹਨ
ਸੁਪਨੇ, ਸਰੀਰ, ਜ਼ਮੀਰ
ਗਿਆਨ, ਇੱਜ਼ਤ, ਗੁੱਸਾ
ਅਹਿਮ ਤੇ ਭੋਲ਼ਾਪਣ।

## ਡਰ

12 ਵੱਜੇ ਹਨ
ਘੰਟੀ ਖੜ੍ਹਕੀ ਹੈ
ਹੈਲੋ ਮਾਂ !
ਮਾਂ ਅਜੇ ਸੁੱਤੀ ਨਹੀਂ ?
ਹੁਣ ਤੱਕ ਟੀ.ਵੀ. ਚੱਲਦੈ
ਡੌਂਟ ਵਰ੍ਹੀ ਮਾਂ।

ਪੁੱਤ ਤੂੰ ਕਿੱਥੇ ?
ਮਾਂ ਦੱਸਿਆ ਤਾਂ ਸੀ।
ਕੀ ਖਾਧਾ ?
ਮਾਂ ਮੈਂ ਕੁੱਝ ਗਲਤ ਨੀ ਖਾਧਾ,
ਘਬਰਾ ਨਾ,
ਮੈਂ ਤੇਰੀ ਪ੍ਰਵਰਿਸ਼ ਹਾਂ।

ਪੁੱਤ ਮੈਂ ਪ੍ਰਵਰਿਸ਼ ਤੋਂ ਨਹੀਂ
ਡਰਦੀ ਹਾਂ ਇਸ
ਖ਼ੌਫ਼ਨਾਕ ਜ਼ਮਾਨੇ ਤੋਂ
ਜਿਸ ਵਿੱਚ ਨੱਚਦੇ ਟੱਪਦੇ ਗੱਭਰੂ, ਮੁਟਿਆਰਾਂ
ਸੌਂ ਜਾਂਦੇ ਨੇ ਚੁੱਪ-ਚੁਪੀਤੇ
ਸਦਾ ਦੀ ਨੀਂਦ
ਗੰਨਾਂ ਗੋਲ਼ੀਆਂ ਦਨਦਨਾਉਂਦੀਆਂ
ਕਰਦੀਆਂ ਨੇ ਨਾਚ ਸੜਕਾਂ 'ਤੇ ਰਾਤਾਂ ਨੂੰ।

ਤੈਨੂੰ ਪਤੈ-
ਹਕੂਮਤਾਂ ਅਜੇ ਵਿਅਸਤ ਹਨ
ਵੋਟਾਂ ਵਟੋਰਨ ਦੇ ਹੀਲਿਆਂ ਲਈ
ਸੱਤਾ 'ਚ ਟਿਕਾਣਾ ਬਣਾਉਣ ਲਈ
ਲੋਕਾਂ ਨੂੰ ਬੁੱਧੂ ਬਣਾਉਣ ਲਈ

ਗੈਂਗਾਂ ਦਾ ਤੂੰ ਮੈਨੂੰ ਮਾਰ, ਮੈਂ ਤੈਨੂੰ ਮਾਰੂੰ ਦਾ
ਤਮਾਸ਼ਾ ਦੇਖਣ ਲਈ
ਖੇਡਦੀਆਂ ਹਨ ਅਜੇ
ਸਰ੍ਹੀ ਪੁਲੀਸ ਜਾਂ ਆਰ. ਸੀ. ਐਮ. ਪੀ. ਦੀ
ਦਿਲਚਸਪ ਰੌਚਕ ਕੁੱਕੜ ਖੇਡ।

## ਕੁਦਰਤ ਦੇ ਰੰਗਾਂ ਵਿੱਚ ਸਰ੍ਹੀ

ਦਰਿਆ ਦੇ ਕੰਢੇ ਉੱਤੇ, ਸਾਡਾ ਸਰ੍ਹੀ ਵਸਿਆ ਗਰਾਂ ਹੈ।
ਸੈਮੀਆਮੂ, ਕੈਟਜ਼ੀ, ਕਵਾਂਟਲਿਨ ਕਬੀਲਿਆਂ ਦੀ ਥਾਂ ਹੈ।
ਫਰੇਜ਼ਰ ਦਰਿਆ ਤੇ ਕਰੈਸੈਂਟ ਬੀਚਾਂ ਦੇ ਨਜ਼ਾਰੇ ਇੱਥੇ,
ਖੇਤਰ ਲੰਬਾ ਚੌੜਾ ਇਹਦਾ, ਲੱਗੇ ਅਮਰੀਕਾ ਨਾਲ ਬਾਂਹ ਹੈ।
ਵਸੋਂ ਭਾਵੇਂ ਵਧੇ ਨਿੱਤ, ਘਰ ਬਣਨ ਕਤਾਰਾਂ ਵਿੱਚ,
ਫਿਰ ਵੀ ਸੰਘਣੇ ਦਰਖ਼ਤਾਂ ਦੀ ਮਿੱਠੀ ਮਿੱਠੀ ਛਾਂ ਹੈ।
ਸੁਣ ਕੇ ਸੰਗੀਤ, ਡਿੱਗਦੇ ਪਾਣੀ ਦਾ ਕਰੀਕਾਂ ਵਿੱਚ,
ਜਾਪੇ ਕਿੰਨੀ ਮਨਭਾਉਂਦੀ ਰਮਣੀਕ ਜਿਹੀ ਥਾਂ ਹੈ।
ਕੰਨਾਂ ਵਿੱਚ ਗੂੰਜਦੇ ਨੇ ਪੰਛੀਆਂ ਦੇ ਗੀਤ ਸੋਹਣੇ,
ਲੁਤਫ਼ ਲੈ ਲਓ ਚਾਰੇ ਪਾਸੇ ਚੀਂ-ਚੀਂ, ਕਾਂ-ਕਾਂ ਹੈ।
ਕਿੰਨੀਆਂ ਭਾਸ਼ਾਵਾਂ ਲੋਕੀ ਬੋਲਦੇ ਨੇ ਵੱਖ ਵੱਖ,
ਸਾਰੇ ਇੱਕਮੁੱਠ ਤਾਂ ਹੀ ਅੱਜ ਦੁਨੀਆਂ 'ਚ ਨਾਂ ਹੈ।
ਦੇਸ਼ੋਂ ਵਿਦੇਸ਼ੋਂ ਆ ਕੇ ਛੁਪਣ ਆਗੋਸ਼ ਵਿੱਚ,
ਸਾਂਭੀ ਜਾਵੇ ਇਵੇਂ ਜਿਵੇਂ ਸਕੀ ਹੋਵੇ ਮਾਂ ਹੈ।

## ਸਾਡੀ ਦੋਸਤੀ ਦੇ ਨਾਂ

ਤੇਰੀ ਦੋਸਤੀ ਮੇਰੇ ਲਈ
ਇੱਕ ਰੱਖਿਆ ਕੱਬਚ ਹੈ
ਬਦਾਮ ਦੀ ਛਿੱਲ ਵਰਗੀ।
ਇਹ ਨਿੱਘ ਵੀ ਹੈ
ਸਰਦੀਆਂ ਰੁੱਤੇ ਸੂਰਜ ਦੀ
ਮੱਠੀ ਮੱਠੀ ਧੁੱਪ ਵਰਗਾ।
ਇਹ ਤਾਜ਼ਗੀ ਵੀ ਹੈ
ਮੂੰਹ ਤੇ ਪਏ ਤਾਜ਼ੇ ਪਾਣੀ ਦੇ
ਠੰਢੇ ਛਿੱਟਿਆਂ ਵਰਗੀ।
ਇਹ ਹੌਂਸਲਾ ਵੀ ਹੈ
ਪਰਬਤ ਦੀ ਟੀਸੀ ਨੂੰ
ਜਿੱਤਣ ਵਰਗਾ।
ਇਹ ਪਿਆਰ ਹੈ
ਫੁੱਲਾਂ ਦੀ ਸੌਂਧੀ-ਸੌਂਧੀ
ਮਹਿਕ ਵਰਗਾ।
ਇਹ ਹਾਸਾ ਵੀ ਹੈ
ਨਵ-ਨਵੇਲੀ ਦੇ ਚੂੜੇ ਦੀ
ਛਣਕਾਰ ਵਰਗਾ।
ਇਹ ਢਾਰਸ ਵੀ ਹੈ
ਪਿਆਰੇ ਦੇ ਮੋਢੇ 'ਤੇ ਸਿਰ ਰੱਖ ਕੇ
ਨਿਸਚਿੰਤ ਸੌਣ ਵਰਗਾ।
ਇਹ ਨਿਹੋਰਾ ਵੀ ਹੈ
ਅੱਲੜ੍ਹ ਉਮਰ ਦੇ
ਪ੍ਰੇਮ ਪਿਆਰ ਵਰਗਾ।
ਇਹ ਮਿੱਠੀ ਘੁਰਕੀ ਵੀ ਹੈ
ਜਿਸ ਵਿੱਚ 'ਜੀ ਆਕਾ' ਕਹਿ
ਕਰਦਾ ਹੈ ਦਿਲ ਕੁਰਬਾਨ ਨੂੰ।

ਇਹ ਖੁੱਲ੍ਹੀ ਕਿਤਾਬ ਹੈ
ਜਿਸਨੂੰ ਪੜ੍ਹ ਕੇ ਫਰੋਲ਼ਦੀ ਹਾਂ
ਹੱਕ, ਸੱਚ, ਇਨਸਾਫ਼ ਦੀਆਂ ਤੈਹਾਂ।
ਇਹ ਪ੍ਰਪੱਕ ਸਾਂਝ ਹੈ
ਜਿੱਥੇ ਹੋ ਸਕਦੀ ਹੈ
ਹਰ ਤਰ੍ਹਾਂ ਦੀ ਗੁਫ਼ਤਗੂ।
ਇਹ ਚਟਾਨੀ ਹਿੰਮਤ ਹੈ
ਜੋ ਦਿੰਦੀ ਹੈ ਚਣੌਤੀਆਂ ਸੰਗ
ਭਿੜਨ ਦੀ ਸਮਰੱਥਾ।
ਇਹ ਗਹਿਰ ਗੰਭੀਰਤਾ ਹੈ
ਰੁੱਖਾਂ ਦੀ ਮਜ਼ਬੂਤੀ ਤੇ
ਸਬਰ ਸਕੂਨ ਵਰਗੀ।
ਇਹ ਇੱਕ ਯਕੀਨ ਹੈ
ਜਿੱਥੇ ਖੁਲਾਸਾ ਕਰ ਸਕਦੀ ਹਾਂ
ਦਿਲ ਦੀਆਂ ਭਾਵਨਾਵਾਂ ਦਾ।
ਇਹ ਚੁੰਬਕ ਹੈ
ਜੋ ਸਿਖਾਉਂਦਾ ਹੈ
ਰਿਸ਼ਤਿਆਂ ਨੂੰ ਜੀਣਾ, ਸਾਂਭਣਾ, ਨਿਭਾਉਣਾ।
ਤੇ ਇਹ ਨਿਰਾ ਸੋਨਾ ਹੈ
ਇਸ ਕਰਕੇ ਹੀ ਤੂੰ ਮੇਰੀ
ਤੇ ਮੈਂ ਤੇਰੀ ਦੋਸਤ ਹਾਂ।

*(ਜਸਵੀਰ ਮੰਗੂਵਾਲ ਦੇ 50ਵੇਂ ਜਨਮ ਦਿਨ 'ਤੇ)*

## ਸ਼ਾਸਕ ਦਾ ਸੱਚ

ਬਹੁਤ ਵਿਚਾਰਾ ਹੈ ਇਹ ਸ਼ਾਸਕ
ਕਰਦਾ ਸੀ ਮਜ਼ਦੂਰੀ
ਵੇਚਦਾ ਸੀ ਕੱਪ ਕੱਪ ਚਾਹ
ਕਰਨ ਲਈ ਗੁਜ਼ਾਰਾ
ਅੱਧਾ ਕੁ ਹੋ ਕੇ
ਮੰਗਦਾ ਸੀ ਭੀਖ ਵੋਟਾਂ ਦੀ।

ਅਕ੍ਰਿਤਘਣ ਵੀ ਹੈ ਇਹ ਸ਼ਾਸਕ
ਜਿੱਤਦਾ ਹੈ ਲੋਕਾਂ ਦੀਆਂ ਵੋਟਾਂ ਨਾਲ
ਪਿੱਠ ਭੁਆ ਕੇ ਜਾ ਬਹਿੰਦਾ ਹੈ
ਰਾਠਾਂ, ਪੂੰਜੀਪਤੀਆਂ ਦੀ ਗੋਦ ਵਿੱਚ।

ਬਹੁਤ ਭਰਮਾਊ ਹੈ ਇਹ ਸ਼ਾਸਕ
ਬੇਮੁੱਖ ਹੋ ਕੇ ਚੰਗੇ ਪ੍ਰਬੰਧ ਤੋਂ
ਕਰਦਾ ਹੈ ਤਾਕੀਦਾਂ ਕਰੋਨੇ ਲਈ
ਗੈਰਵਿਗਿਆਨਕ ਜ਼ੁਮਲੇ ਦੇ ਕੇ
ਰੋਲ਼ ਕੇ ਸੜਕਾਂ ਤੇ
ਘਰੋਂ ਬੇਘਰ ਜਨਤਾ ਨੂੰ।

ਕਿੰਨਾ ਮਾਅਰਕੇਬਾਜ਼ ਹੈ ਇਹ ਸ਼ਾਸਕ
ਗਾਂਢੇ-ਸਾਂਢੇ ਕਰ ਮਿੱਤਰਾਂ ਨਾਲ
ਐਲਾਨਦਾ ਹੈ ਨੋਟਬੰਦੀ
ਝਾਂਸਾ ਦਿੰਦਾ ਹੈ 15 ਲੱਖ ਦਾ
ਧੁੱਪਾਂ ਵਿੱਚ ਖੜ੍ਹੇ
ਹੱਥ ਅੱਡਦੇ ਹਨ
ਬੈਂਕਾਂ ਅੱਗੇ ਲੋਕ
ਆਪਣੀ ਹੀ ਕਿਰਤ ਕਮਾਈ ਲਈ।

ਕਿੰਨਾ ਰਹਿਮਦਿਲ ਹੈ ਇਹ ਸ਼ਾਸਕ
ਕਸ਼ਮੀਰੀਆਂ 'ਤੇ ਤਸ਼ੱਦਦ ਕਰ
370 ਤੇ 35 ਏ ਧਾਰਾ ਹਟਵਾ ਕੇ
ਇੰਟਰਨੈੱਟ ਬੰਦ ਕਰਵਾ ਕੇ
ਅਨੇਕਾਂ ਹੀ ਕਤਲ ਕਰਵਾ ਕੇ
ਕਰ ਦਿੰਦਾ ਹੈ ਉਹਨਾਂ ਨੂੰ
ਆਪਣੇ ਹੀ ਘਰਾਂ ਵਿੱਚ ਕੈਦ।

ਕਿੰਨਾ ਦੇਸ਼ਭਗਤ ਹੈ ਇਹ ਸ਼ਾਸਕ
ਥੋਪ ਕੇ ਸੀ. ਏ. ਏ. ਵਰਗੇ
ਘਿਨਾਉਣੇ ਕਾਲ਼ੇ ਕਾਨੂੰਨ
ਸੁੱਟਦਾ ਹੈ ਜੇਲ਼੍ਹਾਂ ਵਿੱਚ
ਬੁੱਧੀ-ਜੀਵੀਆਂ, ਵਿਦਿਆਰਥੀਆਂ ਨੂੰ
ਦੱਸ ਕੇ ਦੇਸ਼ ਧ੍ਰੋਹੀ।

ਵੱਡਾ ਵਿਉਪਾਰੀ ਵੀ ਹੈ ਇਹ ਸ਼ਾਸਕ
ਜੰਗਲ, ਹਵਾਈ ਅੱਡੇ, ਰੇਲਾਂ ਤੇ ਕਾਫ਼ੀ ਕੁੱਝ
ਵੇਚ ਕੇ ਵੀ ਕਰਦਾ ਨਹੀਂ ਸਬਰ
ਟਿਕੀ ਹੈ ਅੱਖ ਅਜੇ ਵੀ
ਕਿਰਤੀ ਅੰਨਦਾਤੇ ਦੀ ਰੋਟੀ ਰੋਜ਼ੀ 'ਤੇ।

ਕਿੰਨਾ ਜ਼ੁਮਲੇਬਾਜ਼ ਹੈ ਇਹ ਸ਼ਾਸਕ
ਬਿਠਾਉਂਦਾ ਹੈ ਗੋਲ਼ ਮੇਜ਼ਾਂ 'ਤੇ ਗੁਰਗੇ
ਫੈਸਲੇ ਕਰਨ ਲਈ ਖੇਤੀ ਕਾਨੂੰਨਾਂ ਦੇ
ਦੂਜੇ ਪਲ ਗੋਦੀ ਮੀਡੀਏ ਦੇ ਘਨੇੜ੍ਹੇ ਚੜ੍ਹ
ਗਿਣਾਉਂਦਾ ਹੈ ਇਨ੍ਹਾਂ ਦੇ ਗੁਣ
ਤਾਂ ਕਿ ਲੋਕ ਹੋ ਜਾਣ ਗੁੰਮਰਾਹ।

ਬਹੁਤ ਜੁਗਤੂ ਹੈ ਇਹ ਸ਼ਾਸਕ
ਕਿਸਾਨਾਂ ਦੇ ਸੰਘਰਸ਼ ਨੂੰ
ਕਦੇ ਖਾਲਿਸਤਾਨੀ, ਕਦੇ ਪਾਕਿਸਤਾਨੀ,
ਕਦੇ ਚੀਨੀ, ਕਦੇ ਨਕਸਲੀ ਗਰਦਾਨ ਕੇ

ਤੋੜਨਾ ਚਾਹੁੰਦਾ ਹੈ
ਲੋਕਾਈ ਦੀ ਇੱਕਜੁਟਤਾ।

ਪਰ ਕਿੰਨਾ ਬੇਵਸ ਹੈ ਇਹ ਸ਼ਾਸਕ
ਸ਼ਾਂਤਮਈ, ਸਬਰ, ਸੰਜਮ ਨਾਲ
ਘਿਰੀ ਦਿੱਲੀ ਨੂੰ ਦੇਖ
ਛਟਪਟਾਉਂਦਾ ਤਾਂ ਹੈ ਪਰ
'ਮਨ ਕੀ ਬਾਤ' ਕਰਨ ਵਾਲਾ
'ਜਨ ਕੀ ਬਾਤ' ਸਾਹਮਣੇ
ਨਿਰਉੱਤਰ ਵੀ ਹੈ।

## ਪਾਰਲੇ ਪਾਰ ਦਾ ਸ਼ਰੀਕ

ਪਾਰਲੇ ਪਾਰ ਦਾ ਸ਼ਰੀਕ
ਸਿੰਨ੍ਹੀ ਖੜ੍ਹਾ ਹੈ ਬੰਦੂਕਾਂ
ਸਾਡੇ ਵੱਲ
ਕੱਢਦਾ ਹੈ ਅੱਖਾਂ ਨਿੱਤ ਦਿਨ
ਪੈਰ ਪੈਰ ਤੇ ਖ਼ਤਰਾ
ਮੂੰਹੋਂ ਉਗਲਦਾ ਹੈ ਅੱਗ
ਕੰਡਿਆਲੀ ਤਾਰ ਦੇ ਦੂਸਰੇ ਪਾਸੇ।

ਇਹੀ ਤਾਂ ਸੁਣਿਆ ਜਾਂ ਦੇਖਿਆ ਸੀ
ਟੈਲੀਵਿਯਨਾਂ ਜਾਂ ਅਖ਼ਬਾਰਾਂ ਦੀਆਂ
ਸੁਰਖ਼ੀਆਂ ਵਿੱਚ
ਮੈਂ ਵੀ ਤੁਰਿਆ ਹਾਂ
ਸੱਚੇ ਗੁਰੂ ਨੂੰ ਨਤਮਸਤਕ ਹੋਣ ਲਈ
ਤੀਬਰ ਇੱਛਾ ਹੈ ਮਨ ਵਿੱਚ
ਵਡੇਰਿਆਂ ਦੀ ਜੰਮਣ ਭੋਂਇ
ਦੇਖਣ ਦੀ
ਖ਼ਤਰਿਆਂ ਨੂੰ ਜਾਚਣ ਦੀ।

ਦੇਖਿਆ ਭਾਸ਼ਾ, ਇਤਿਹਾਸ, ਮਿਥਿਹਾਸ
ਸੰਸਕਾਰ ਤੇ ਰਸਮੋ-ਰਿਵਾਜ
ਬੋਲੀ, ਖਾਣ-ਪਹਿਨਣ, ਪਰਚਣ
ਇੱਕ ਸੁਰ ਤੇ ਇੱਕ ਅਵਾਜ਼
ਨਾ ਰੰਗ ਭੇਦ ਹੈ ਕੋਈ
ਇੱਕੋ ਹਲ਼-ਪੰਜਾਲ਼ੀ ਤੇ ਖੇਤ-ਖਲਿਆਣ
ਉਹੀ ਖਿੜੇ ਮੱਥੇ, ਮੋਹ-ਮਮਤਾ
ਭਾਈਚਾਰਕ ਸਾਂਝ
ਅਲੋਪ ਹੈ ਨਫ਼ਰਤ

ਪਿਆਸ ਨਹੀਂ ਖ਼ੂਨ ਦੀ
ਲਹਿ ਚੁੱਕਿਆ ਹੈ ਜਨੂੰਨੀਅਤ
ਦਾ ਖ਼ੁਮਾਰ।

ਮੈਂ ਵੀ ਵਿਛਾ ਲਈਆਂ ਨਜ਼ਰਾਂ
ਸੋਚ ਲਿਆ ਹੈ ਗਹਿਰਾਈਆਂ ਤੱਕ
ਝੜ ਗਈਆਂ ਹਨ
ਕਾਲ਼ੀਆਂ ਗਹਿਰੀਆਂ ਗਰਦਾਂ
ਜੋ ਜਮਾ ਦਿੱਤੀ ਸੀ ਪੇਪੜੀ
72 ਸਾਲਾਂ ਦੇ ਲੰਮੇ ਸਮੇਂ ਨੇ।

ਅਸਲੀ ਸ਼ਰੀਕ ਜੋ ਅਜੇ ਵੀ
ਚਲਦਾ ਹੈ ਗੁੱਝੀਆਂ ਚਾਲਾਂ
ਰੱਖੀ ਬੈਠਾ ਹੈ ਬਾਜ਼ ਅੱਖ
ਭਾਈਆਂ ਤੇ
ਕਰਦਾ ਹੈ ਮਕਾਰੀਆਂ
ਪਿੱਠ ਪਿੱਛੇ ਤੇ ਲੁਕਵੇਂ ਵਾਰ
ਆਪਣੀ ਸ਼ਹਿਨਸ਼ਾਹੀ ਲਈ।

ਮੇਰੇ ਪਾਕਿ-ਭਾਈ ਨੂੰ ਦੱਸਦਾ ਹੈ ਸ਼ਰੀਕ
ਹੁਣ ਮੇਰੇ ਕੋਰੇ ਸਾਫ਼-ਸ਼ਫਾਫ
ਮਨ ਦੇ ਕੈਨਵਸ ਤੇ
ਪਾ ਨਹੀਂ ਸਕੇਗਾ ਲਕੀਰਾਂ
ਤੇ ਨਾ ਹੀ ਵੰਡੀਆਂ
ਮੈਂ ਮਿਲ ਆਇਆ ਹਾਂ
ਪਾ ਆਇਆ ਹਾਂ
ਪੀਢੀ ਗਲ਼ਵਕੜੀ
ਆਪਣੀ ਸਾਂਝੀ ਧਰਤੀ ਦੇ
ਮਾਂ ਜਾਏ ਭਾਈ ਨੂੰ।

*(ਕਰਤਾਰ ਪੁਰ ਦੇ ਲਾਂਘੇ ਦੇ ਖੁੱਲ੍ਹਣ ਸਮੇਂ)*

## ਵਾਦ-ਵਿਵਾਦ

ਜਦੋਂ ਉਸਨੇ ਕਿਹਾ
ਕਿ ਮੈਂ ਵਾਦਾਂ-ਵਿਵਾਦਾਂ ਵਿੱਚ ਨਹੀਂ ਪੈਣਾ
ਮੈਂ ਤਾਂ ਅਨੁਭਵ ਦੇ ਤਜ਼ਰਬਿਆਂ ਚੋਂ
ਜ਼ਿੰਦਗੀ ਜਿਉਣ ਦੇ ਹੱਕ ਵਿੱਚ ਹਾਂ।

ਤਾਂ ਮੈਨੂੰ ਦਿਲੋਂ ਨਫ਼ਰਤ ਹੋਈ
ਕਿ ਵਾਦਾਂ ਤੋਂ ਬਿਨਾਂ
ਵਿਵਾਦਾਂ ਤੋਂ ਬਿਨਾਂ
ਸਿਧਾਂਤਾਂ ਤੋਂ ਬਿਨਾਂ
ਨਿਸ਼ਾਨੇ ਤੋਂ ਬਿਨਾਂ
ਜਿਉਣਾ ਤਾਂ ਹੈ ਨੀਰਸਤਾ।

ਪਰ ਹੁਣ ਇਉਂ ਲੱਗਦੈ
ਕਿ ਵਾਦ ਵੀ, ਵਿਵਾਦ ਵੀ
ਸਿਧਾਂਤ ਵੀ, ਬਹਿਸਾਂ ਵੀ
ਨਿਸ਼ਾਨੇ ਵੀ ਹੁਣ ਤਾਂ ਸਿਰਫ਼
ਰੌਣਕ ਹਨ ਕਿਤਾਬਾਂ ਦੀ
ਜ਼ਿੰਦਗੀ ਦੀ ਸਰਪੱਟ ਦੌੜ ਨੇ
ਨਿਕੰਮੇ ਕਰ ਦਿੱਤਾ ਹੈ
ਪੜ੍ਹਨੋਂ ਤੇ ਅਮਲੋਂ
ਢਾਲ਼ ਲਿਆ ਸਿਧਾਂਤਾਂ ਨੂੰ ਵੀ
ਮੋਮ ਵਾਂਗ ਆਪਣੇ ਮੁਤਾਬਕ
ਥੋਥੇ ਕਰ ਦਿੱਤਾ ਹੈ
ਸਿਰਾਂ ਨੂੰ ਮੰਡੀ ਨੇ।

## ਚਿੱਪਰਾਂ

ਟੁੱਟੇ ਸ਼ੀਸ਼ੇ ਦੀਆਂ
ਚਿੱਪਰਾਂ ਵਿਚੋਂ
ਦਿਸਦੇ ਹਨ ਚਿਹਰੇ
ਵਿੰਗੇ, ਟੇਢੇ, ਤਿਰਛੇ
ਅੱਧੇ, ਪੌਣੇ, ਊਣੇ, ਥੀਣੇ
ਇਹ ਟੁਕੜੇ
ਸ਼ੀਸ਼ੇ ਦੀ ਸਮੁੱਚਤਾ ਵਿੱਚੋਂ
ਟੁੱਟ ਕੇ ਹੋ ਗਏ ਹਨ
ਅੱਧੇ-ਅਧੂਰੇ,
ਸ਼ਕਲੇ-ਕੁਸ਼ਕਲੇ
ਟੁਕੜੇ-ਟੁਕੜੇ
ਰੰਗ-ਬਰੰਗੀਆਂ ਚਿੱਪਰਾਂ।

ਉਹ ਸਮਝਦੇ ਰਹੇ
ਅਸੀਂ ਵੀ ਮਨੁੱਖੀ ਜਾਮੇ ਵਿੱਚ
ਹਿੰਦੂ, ਮੁਸਲਿਮ, ਸਿੱਖ, ਇਸਾਈ ਹਾਂ
ਬੋਧੀ, ਜੱਟ, ਚੂਹੜੇ, ਖੱਤਰੀ, ਨਾਈ ਹਾਂ
ਪਰ
ਤੋੜ ਦਿੱਤਾ ਹੈ ਭਰਮ ਅਸੀਂ
ਅਸੀਂ ਕਿਰਤੀ ਹਾਂ, ਲਾਲੋ ਦੇ ਭਾਈ ਹਾਂ
ਸੰਪੂਰਨਾ ਦੀ ਮਿਸਾਲ
ਏਕੇ ਦਾ ਸਬੂਤ
ਅਸੀਂ ਚਿੱਪਰਾਂ ਨਹੀਂ
ਸੰਪੂਰਨ ਸ਼ੀਸ਼ੇ ਦਾ ਅਕਸ ਹਾਂ
ਮਨੁੱਖਤਾ ਦੇ ਮੁਦੱਈ ਹਾਂ।

## ਫ਼ਲਸਤੀਨ ਦੀ ਪੁਕਾਰ

ਵੱਡਿਓ ਦਾਤਿਓ-
ਤੁਸੀਂ ਸਾਡੀ ਧਰਤੀ ਤੇ ਹੀ
ਸਾਨੂੰ ਕੈਦ ਕਰਕੇ
ਜ਼ਾਲਮਾਨਾਂ ਕਬਜ਼ਾ ਹੀ ਨਹੀਂ ਕੀਤਾ
75 ਸਾਲਾਂ ਤੋਂ ਧੱਕਿਆ ਹੈ
ਖੂੰਖਾਰ ਯੁੱਧਾਂ ਵਿੱਚ ਵੀ
ਸਾਡਾ ਖੁਰਾਖੋਜ਼ ਮਿਟਾਉਣ ਲਈ
ਖੁਸ਼ ਹੋ ਅਸਮਾਨ ਵਿੱਚ
ਅੱਗ ਦੇ ਫੁੱਲ ਖਿੜਾ ਕੇ।

ਫੈਸਲੇ ਸੁਣਾਉਣ ਵਾਲਿਓ-
ਕੇਹਾ ਢਾਲ਼ਿਆ ਹੈ ਸਿੱਕਾ ਕੰਨਾਂ ਵਿੱਚ
ਕਿ ਸੁਣਦੇ ਨਹੀਂ ਤੁਹਾਨੂੰ
ਮਲਬੇ ਦੇ ਥੱਲੇ ਦੱਬੇ
ਜ਼ਖ਼ਮੀ ਬੱਚਿਆਂ ਦੇ ਤੋਤਲੇ ਬੋਲ
ਡੱਡਰੀਆਂ ਬੇਜ਼ਬਾਨ ਅੱਖਾਂ ਦੇ ਹੰਝੂ
ਮਾਵਾਂ ਦੀਆਂ ਆਹਾਂ
ਮਨੁੱਖਤਾ ਦੀਆਂ ਦਿਲ ਵਿੰਨ੍ਹਵੀਆਂ ਚੀਕਾਂ
ਲਹੂ-ਭਿੱਜੇ ਕੱਫ਼ਣ
ਮੋਈਆਂ ਰੀਝਾਂ
ਲੀਰੋ-ਲੀਰ ਉਦਾਸੇ ਮਨ
ਉੱਤੋਂ ਬੰਬਾਂ ਦਾ ਵਰ੍ਹ ਰਿਹਾ ਮੀਂਹ।

ਦੁਨੀਆਂ ਭਰ ਦੇ ਸ਼ਹਿਨਸ਼ਾਹੋ-
ਤੁਸੀਂ ਪਰਖ਼ ਰਹੇ ਹੋ ਸਾਡੀ ਹਿੰਮਤ
ਬੈਠ ਕੇ ਸ਼ੀਸ਼ ਮਹਿਲਾਂ ਵਿੱਚ
ਗੱਲਾਂ ਕਰਦੇ ਹੋ ਮਨੁੱਖਤਾ ਦੀਆਂ
ਦੇ ਕੇ ਬਿਲੀਅਨ ਡਾਲਰ

ਸਾਜਸ਼ੀ ਦਰਿੰਦਿਆਂ ਨੂੰ
ਢੌਂਗ ਵੀ ਰਚਾਉਂਦੇ ਹੋ
ਜ਼ਖ਼ਮੀਆਂ ਦੇ ਜ਼ਖ਼ਮਾਂ ਲਈ
ਦੇਣ ਲਈ ਪੱਟੀਆਂ ਤੇ ਮੱਲ੍ਹਮ
ਅਸ਼ਕੇ!
ਤੁਹਾਡੀ ਲੰਮੀ ਸੋਚ ਉਡਾਰੀ ਦੇ
ਤਬਾਹੀ ਤੋਂ ਪਹਿਲਾਂ, ਤਬਾਹੀ ਦੇ ਸਮੇਂ
ਤਬਾਹੀ ਤੋਂ ਬਾਅਦ ਮੁੜ ਵਸੇਬੇ ਲਈ
ਹਰ ਵੇਲ਼ੇ ਪੰਜੇ ਹੀ ਘਿਓ ਵਿੱਚ ਹਨ
ਮਾਨਵਤਾ ਦੀਆਂ ਕਬਰਾਂ ਉੱਤੇ।

ਜੰਗਬਾਜ਼ੀ ਲੜਾਕਿਓ-
ਇਹ ਜੰਗ ਤੁਹਾਡੀ ਸਾਡੀ ਨਹੀਂ
ਤੁਸੀਂ ਤਾਂ ਕੁੱਝ ਪਾਪੀ ਪੇਟ ਹੋ ਜੋ
ਛਿਣ-ਭੰਗਰੀ ਖੁਸ਼ੀ ਨਾਲ
ਮਨਾ ਰਹੇ ਹੋ ਜਸ਼ਨ
ਬਟਨ ਦਬਾ ਕੇ ਮਸ਼ੀਨ ਗੰਨਾਂ, ਟੈਂਕਰਾਂ ਦੇ
ਡੋਰ ਤਾਂ ਬੰਦ ਕਮਰਿਆਂ ਵਿੱਚ ਬੈਠੇ
ਸਾਜਸ਼ੀ ਹੁਕਮਰਾਨਾਂ ਦੇ ਹੱਥ ਹੈ ਜੋ
ਵਿਉਪਾਰੀ ਹਨ ਹਥਿਆਰਾਂ ਦੇ।

ਮਾਨਵਤਾ ਤੋਂ ਮੂੰਹ ਭਵਾਉਣ ਵਾਲਿਓ-
ਨਸ਼ਿਆ ਰਹੇ ਹੋ ਸੁੰਘ ਕੇ
ਸੜਦੇ ਹੋਏ ਜੋਬਨ ਦੀ ਗੰਧ
ਖੁਸ਼ ਹੋ ਅੱਗ ਦੇ ਫੁੱਲ ਖਿੜਾ ਕੇ
ਅੱਧ ਅਸਮਾਨ ਵਿੱਚ
ਇਹ ਅੱਗ ਹੈ, ਬਸੰਤਰ ਨਹੀਂ
ਅੱਖਾਂ ਮੀਚਣ ਨਾਲ ਨਹੀਂ ਹੋਵੇਗੀ ਬੰਦ
ਇਹ ਪਹੁੰਚ ਜਾਵੇਗੀ ਇੱਕ ਨਾ ਇੱਕ ਦਿਨ
ਤੁਹਾਡੇ ਘਰ ਤੱਕ ਵੀ
ਜਿਨ੍ਹਾਂ ਦੰਭੀ ਅਮਨ ਦੇ ਠਹਿਰੇ ਹੋਏ
ਪਾਣੀ ਵਿੱਚ ਮਾਰਿਆ ਹੈ ਵੱਟਾ

ਇਹ ਚਿੱਕੜ ਡਿੱਗੇਗਾ
ਤੁਹਾਡੇ ਮੂੰਹਾਂ 'ਤੇ ਵੀ।

ਦੁਨੀਆਂ ਭਰ ਦੇ ਲੋਕੋ-
ਅੱਖਾਂ ਖੋਲ੍ਹੋ, ਉੱਠੋ, ਦੇਖੋ
ਮਨੁੱਖਤਾ ਦੇ ਪਰਦੇ ਥੱਲੇ
ਫੈਲਾ ਕੇ ਝੂਠੀਆਂ ਖ਼ਬਰਾਂ
ਹੋ ਕੇ ਮੀਡੀਆ 'ਤੇ ਕਾਬਜ਼
ਕਾਤਲ ਦੱਸ ਰਿਹਾ ਹੈ
ਆਪਣੇ ਆਪ ਨੂੰ ਬੇਦੋਸ਼ਾ
ਪਖੰਡੀ ਕਾਰਗੁਜ਼ਾਰੀ ਦੇ ਬਾਵਜੂਦ
ਮਨੁੱਖਤਾ ਦੇ ਹਾਮੀ
ਆਏ ਹਨ ਸੜਕਾਂ 'ਤੇ
ਦੰਭੀ ਤਰੱਕੀ ਦੇ ਸਿਖਰਾਂ ਦਾ ਤਾਜ
ਸਿੱਟਣਗੇ ਚੁਰਾਹੇ ਵਿੱਚ।

ਅਜ਼ਾਦੀ ਦੇ ਮਦੱਈਓ-
ਸਾਨੂੰ ਪਤਾ ਹੈ
ਅਜ਼ਾਦੀ ਦਾਣਿਆਂ ਦੀ ਪੰਸੇਰੀ ਨਹੀਂ
ਜਿਸਦਾ ਸਹਿਜੇ ਮੁੱਲ ਪਵੇ
ਇਸ ਜ਼ਰਖੇਜ਼ ਧਰਤ ਨੂੰ
ਅਜ਼ਾਦੀ ਦੀ ਉਮਦਾ ਫ਼ਸਲ ਲਈ
ਪਾਣੀ ਦੀ ਥਾਂ ਨਿੱਕੇ-ਨਿੱਕੇ ਬੱਚੇ
ਸਿੰਜ ਰਹੇ ਨੇ ਲਹੂ ਦੇ ਨਾਲ
ਖਾਦ ਦੀ ਥਾਂ ਪਾ ਰਹੇ ਨੇ
ਨਰਮ ਹੱਡੀਆਂ ਦਾ ਚੂਰਾ
ਰੋਟੀ ਦੇ ਹੁਸਨ ਦੀ
ਨਿਹਾਰਨ ਜਿਹੀ ਸੂਖ਼ਮਤਾ ਵਿੱਚੋਂ
ਭੁੱਖ ਦੇ ਫਾਕਿਆਂ ਨੇ
ਅਜ਼ਾਦੀ ਦੀ ਭੁੱਖ ਨੂੰ ਕੀਤਾ ਹੈ ਚੌਗੁਣਾ
ਸੋਚਾਂ ਦੀ ਮੰਮਟੀ ਤੇ

ਲਾਲ ਸੁਰਖ਼ ਚਿਰਾਗ਼ ਬਲ਼ੇਗਾ
ਬਗ਼ਾਵਤ ਦਾ ਰਾਗ ਗੂੰਜੇਗਾ
ਅਜ਼ਾਦ ਹਵਾ ਦਾ ਫਰੇਰਾ ਲਹਿਰਾਏਗਾ।

ਪਿਆਰੇ ਫ਼ਲਸਤੀਨੀਓ–
ਅਸੀਂ ਇਸ਼ਕ ਕੀਤਾ ਹੈ
ਧੁਆਂਖੀ ਧਰਤ ਦੇ ਬੁੱਲਾਂ ਨਾਲ
ਧੂੰਏ ਦੇ ਲਾਲ ਕਾਲੇ ਬੱਦਲਾਂ ਵਿੱਚੋਂ
ਦੇਖਣੀ ਹੈ ਸੂਰਜ ਦੀ ਪਹਿਲੀ ਕਿਰਣ
ਦਹਿਸ਼ਤ ਤੇ ਵਹਿਸ਼ਤ ਦੀਆਂ ਗਿਰਝਾਂ
ਬੈਠੀਆਂ ਹਨ ਝਪੁੱਟ ਮਾਰਨ ਲਈ
ਸਾਡੇ ਲਹੂ ਦਾ ਕਤਰਾ–ਕਤਰਾ
ਸਾਡੀ ਮਿੱਟੀ ਤੇ ਮੁੜ੍ਹਕੇ ਦਾ ਮੁੱਲ ਤਾਰੇਗਾ
ਇਹ ਧਰਤੀ ਸਾਡੀ ਹੈ
ਅਸੀਂ ਹਰ ਹਾਲਤ ਜੰਮਾਂਗੇ
ਵਿਦਰੋਹ ਦੀ ਸੂਹੀ ਲਾਟ ਬਣਕੇ
ਅਜ਼ਾਦੀ ਦਾ ਪੈਗ਼ਾਮ ਲੈ ਕੇ
ਅਸੀਂ ਹਰ ਹਾਲਤ ਜੰਮਾਂਗੇ।

## ਨਜ਼ਮ

ਜ਼ਿੰਦਗੀ ਹਵਾ ਨਾਲ ਭਰਿਆ
ਖ਼ਾਲੀ ਲਿਫ਼ਾਫਾ ਹੀ ਤਾਂ ਹੈ
ਜੋ ਪਾਲ਼ਦਾ ਹੈ ਭਰਮ
ਭਰੇ ਭਕੁੰਨੇ ਹੋਣ ਦਾ
ਹਰ ਵਕਤ
ਸਿਰ 'ਤੇ ਮੰਡਰਾਉਂਦਾ ਹੈ ਡਰ
ਅਜਿਹੇ ਹਵਾ ਦੇ ਬੁੱਲੇ ਦਾ
ਜਿਸਦਾ ਸੱਥਰ ਟਿਕਿਆ ਹੈ
ਅਣਗਿਣਤ ਮੂੰਹਜ਼ੋਰ ਬੇਮਤਲਬ
ਇੱਛਾਵਾਂ ਦੇ ਸਿਰ 'ਤੇ
ਜੋ ਪੈਦਾ ਕੀਤੀਆਂ ਗਈਆਂ ਹਨ
ਮੁਨਾਫ਼ੇ ਦੀ ਗੋਝ ਹੇਠ।

ਜ਼ਿੰਦਗੀ ਦੇ ਚਿੱਬਾਂ ਨੂੰ
ਕਰਨ ਲਈ ਸਿੱਧੇ
ਬਣਾਉਣ ਲਈ ਸਾਂਵੀ ਤੇ
ਪੱਧਰੀ ਜ਼ਿੰਦਗੀ
ਲਾਹੁਣੇ ਪੈਣਗੇ ਇੱਕ ਇੱਕ ਕਰਕੇ
ਰੰਗ-ਬਰੰਗੇ ਮਖੌਟੇ
ਜਿਨ੍ਹਾਂ ਦੇ ਜਾਲ਼ਿਆਂ ਹੇਠ
ਘੁੱਟ-ਘੁੱਟ ਕੇ ਜੀਅ
ਰਹੀ ਹੈ ਸਾਰੀ
ਪ੍ਰਕਿਰਤੀ।

## ਬੇਘਰੇ ਝੁੱਗੀਆਂ ਵਾਲੇ

"ਮਾਂ ਇਹ ਟੈਂਟਾਂ ਵਿੱਚ ਕੌਣ ਨੇ ਠੰਢ ਵਿੱਚ?"
ਪੁੱਤਰ ਨੇ ਤਰਸ ਭਰੇ ਸ਼ਬਦਾਂ ਵਿੱਚ ਪੁੱਛਿਆ
"ਗੁਰਬਤ ਦੇ ਮਾਰੇ, ਭੁੱਖ ਦੇ ਸਤਾਏ।"
ਕਹਿ ਮਾਂ ਅਤੀਤ ਵਿੱਚ ਖੋਹ ਗਈ
ਆਪਣੀ ਮਾਂ ਦੀਆਂ ਯਾਦਾਂ ਵਿੱਚ
ਉਹਦੀ ਮਾਂ ਨੇ ਡਰਾਉਣ ਲਈ ਕਹਿਣਾ
ਬਾਹਰ ਨਾ ਜਾਇਓ
ਝੁੱਗੀਆਂ ਵਾਲੇ ਚੁੱਕ ਲੈ ਜਾਣਗੇ।

ਕੌਣ ਨੇ ਇਹ ਝੁੱਗੀਆ ਵਾਲੇ ?
ਦੇਰ ਨਾਲ ਮਿਲ਼ਿਆ ਉਸਨੂੰ
ਇਸ ਪ੍ਰਸ਼ਨ ਦਾ ਉੱਤਰ
ਇਹ ਸਾਡੇ ਪਿੰਡਾਂ ਵਿੱਚ ਆਉਂਦੇ
ਕੁੱਝ ਦਿਨ ਰਹਿੰਦੇ, ਮੰਗ ਕੇ ਖਾਂਦੇ
ਤੇ ਅਗਲੇ ਪਿੰਡ
ਵਰ੍ਹੇ ਛਿਮਾਹੀ ਮਗਰੋਂ ਉਹ ਫਿਰ ਮੁੜਦੇ।

ਪੁੱਤਰ ਦੇ ਸਵਾਲ ਨੇ ਕੀਤਾ ਹੈ ਚੁਕੰਨਾ
ਇਹਨਾਂ ਪੱਛਮੀ ਮੁਲਕਾਂ ਵਿੱਚ
ਇਹ ਬੇਘਰੇ ਝੁੱਗੀਆਂ ਵਾਲੇ ?
ਹਾਂ! ਇੱਥੇ ਵੀ ਇਹਨਾਂ ਦੀ ਲੋੜ ਬੜੀ ਸੀ
ਗ਼ੁਲਾਮਾਂ ਦੀ ਥੋੜ੍ਹ ਬੜੀ ਸੀ
ਫਿਰ ਉਸਨੇ ਇਹ ਪੈਦਾ ਕੀਤੇ
ਹਾਕਮ ਤਾਂ ਹਾਕਮ, ਤਾਂ ਹੀ ਕਹਿਲਾਏਗਾ
ਗ਼ੁਲਾਮ ਤੋਂ ਬਿਨ੍ਹਾਂ ਉਹਦਾ ਵਜੂਦ ਮਿਟ ਜਾਏਗਾ
ਜਮ੍ਹਾਂ ਪੂੰਜੀ ਦਾ ਮਾਲਕ ਕਿੱਦਾਂ ਕਹਾਏਗਾ।
ਝੁੱਗੀਆਂ ਵਾਲੇ ਢੋਂਹਦੇ ਹਨ
ਜ਼ਿੰਦਗੀ ਦੇ ਹਨ੍ਹੇਰੇ

ਜਗਮਗਾਉਂਦੀਆਂ ਟਿਊਬ ਲਾਈਟਾਂ ਥੱਲੇ
ਹਾਕਮ ਚੂਰੀ ਪਾਉਂਦੇ ਹਨ
ਜ਼ਿੰਦਾ ਰੱਖਣ ਲਈ
ਡਾਲਰ (ਵੈੱਲਫੇਅਰ) ਦਿੰਦੇ ਹਨ
ਚੇਤਨਾ ਨੂੰ ਸੁਲਾਉਣ ਲਈ
ਤੇ ਹਨ੍ਹੇਰੇ ਢੋਣ ਲਈ।

ਜਦੋਂ ਤੋਂ ਸੁੰਗੜ ਰਹੀ ਹੈ
ਜਮ੍ਹਾਂ ਪੂੰਜੀ ਕੁੱਝ ਹੱਥਾਂ ਵਿੱਚ
ਝੁੱਗੀਆਂ ਦੀ ਕਤਾਰ ਹੋ ਰਹੀ ਹੈ
ਲੰਮੀ ਦਿਨ-ਬਦਿਨ
ਝੁੱਗੀਆਂ ਦਾ ਅਰਥ
ਵੱਧ ਰਹੇ ਹਨ ਹੱਥ
ਜਿਨ੍ਹਾਂ ਨੇ ਇੱਕ ਜੁੱਟ ਹੋਣਾ ਹੈ
ਮੁੱਕੇ ਬਣਨਾ ਹੈ
ਤੋੜਨਾ ਹੈ ਜਮ੍ਹਾਂ ਪੂੰਜੀ ਦਾ ਤਾਲ਼ਾ
ਪੂਰਨਾ ਹੈ ਇਹ ਅਮੀਰੀ-ਗ਼ਰੀਬੀ ਦਾ ਪਾੜਾ
ਹੋਮਲੈੱਸ ਇਹ ਝੁੱਗੀਆਂ ਵਾਲ਼ੇ।

## ਸਾਂਝੇ ਸੰਕਲਪ ਦੀ ਮੌਤ

ਕੋੜੇ ਸਹਿੰਦਾ, ਜ਼ਲੀਲ ਹੁੰਦਾ
ਜਖ਼ਮਾਂ ਦੀ ਤਾਬ ਝੱਲਦਾ
ਮਰਦਾ, ਲੜਦਾ, ਜ਼ਮੀਰ ਜਾਗੀ
ਖ਼ਤਮ ਕਰ ਦਿੱਤਾ ਗ਼ੁਲਾਮਦਾਰੀ ਯੁੱਗ।

ਨਵਾਂ ਦੌਰ ਆਇਆ
ਮਾਲਕ ਤੇ ਮੁਜ਼ਾਹਰਾ
ਆਹਮਣੇ ਸਾਹਮਣੇ ਹੋਏ
ਮੁਜ਼ਾਹਰੇ ਨੇ ਪਛਾਣਿਆ ਹੱਕਾਂ ਨੂੰ
ਬੰਦਾ ਬਹਾਦਰ ਨਿੱਤਰਿਆ ਸੀ
ਮੈਦਾਨ ਵਿੱਚ
ਤੋੜ ਦਿੱਤਾ ਭਰਮ
ਜਾਗੀਰਦਾਰੀ ਯੁੱਗ ਦਾ।

ਵਿਸ਼ਵ ਦੀ ਖੁੱਲ੍ਹੀ ਮੰਡੀ
ਸਾਮਰਾਜੀ ਯੁੱਗ
ਜਿਸ ਵਿੱਚ ਅਸੀਂ ਹੋ ਗਏ ਹਾਂ
ਆਪਣੇ ਆਪ ਹੀ ਓਤ-ਪੋਤ
ਅਜ਼ਾਦੀ ਦੇ ਅਰਥਾਂ ਨੂੰ ਦੇ ਕੇ ਪੁੱਠ
ਤੋੜ ਦਿੱਤਾ ਹੈ ਰਿਸ਼ਤਿਆਂ ਨਾਲੋਂ
ਗੁਲਾਮ ਬਣਾ ਦਿੱਤਾ ਹੈ ਵਸਤਾਂ ਦਾ।

ਵੈਰੀ ਛੁਪ ਕੇ ਬੈਠਾ ਹੈ
ਸਾਡੇ ਜ਼ਿਹਨ ਵਿੱਚ
ਨਿੱਜ ਦੇ ਪਰਦੇ ਥੱਲੇ।

ਤੋੜ ਦਿੱਤਾ ਹੈ ਸੰਕਲਪ ਸਭ ਲਈ
ਕੁੱਲੀ, ਗੁੱਲੀ ਤੇ ਜੁੱਲੀ ਦੇ ਸ਼ਬਦਾਂ ਦਾ

ਗ਼ੁਲਾਮੀ ਕਰਦੇ ਹਾਂ ਅਸੀਂ
ਮਹਿੰਗੇ ਕੱਪੜੇ, ਕਾਰਾਂ, ਪਰਸ ਤੇ ਜੁੱਤੀਆਂ ਜੋ
ਅੱਜ ਕੱਲ ਪਛਾਣ ਹੈ ਮਨੁੱਖ ਦੀ।

ਕਦਰਾਂ ਕੀਮਤਾਂ ਹੋ ਗਈਆਂ ਹਨ ਮਿੱਟੀ
ਟੁੱਟ-ਟੁੱਟ ਮਰਦੇ ਹਾਂ ਵਸਤਾਂ ਲਈ
ਬਰਾਬਰ ਦੇ ਹੱਕਾਂ ਦਾ ਸੰਕਲਪ ਜੋ
ਇਤਿਹਾਸ ਨੇ ਬੀਜਿਆ ਸੀ
ਮਨੁੱਖਤਾ ਦੇ ਮਨਾਂ ਵਿੱਚ
ਪੁੱਟ ਸੁੱਟਿਆ ਹੈ ਮੰਡੀ ਨੇ
ਤੋੜ ਕੇ ਸਾਡੇ ਰਿਸ਼ਤੇ
ਘਰ ਨਾਲ਼ੋਂ, ਪਰਿਵਾਰ ਨਾਲ਼ੋਂ,
ਪਿੰਡ ਨਾਲ਼ੋਂ, ਦੇਸ਼ ਨਾਲ਼ੋਂ।

ਵਿਸਰ ਚੁੱਕੀਆਂ ਹਨ ਅਜ਼ਾਦੀ ਦੇ
ਹੱਕਾਂ ਦੀਆਂ ਸੋਚਾਂ
ਸ਼ਾਤਰ ਹੈ ਸਾਮਰਾਜ ਜਿਸਨੇ ਸਾਡੀ ਲੜਾਈ ਨੂੰ
ਜੜ ਕਰ ਦਿੱਤਾ ਹੈ ਨਿਰਜੀਵਤਾ ਨਾਲ।

ਵਸਤਾਂ ਦੇ ਲਾਲਚ ਦੀ ਦੌੜ
ਜ਼ਰੀਬਾਂ ਦੀ ਮਿਣਤੀ ਤੋਂ ਦੂਰ
ਬੰਦਾ ਮਰ ਜਾਂਦਾ ਹੈ
ਰਿਸ਼ਤੇ ਮਰ ਜਾਂਦੇ ਹਨ
ਵਸਤਾਂ ਦੀ ਗੁਲਾਮੀ
ਅਜੇ ਵੀ ਫਣ ਫੈਲਾਈ ਖ਼ੂੰਖਾਰ ਪੰਜਿਆਂ ਨਾਲ
ਤਿਆਰ ਬੈਠੀ ਹੈ ਸਬੂਤੇ ਨੂੰ ਨਿਗ਼ਲਣ ਲਈ।

## ਪਲੇਠੀ ਧੀ ਜਾਸਮਿਨ ਦੇ ਨਾਂ

ਨਾ ਚੜ੍ਹਦੇ ਦੀ, ਨਾ ਲਹਿੰਦੇ ਦੀ,
ਇਹ ਮਨ ਮਰਜ਼ੀ ਹੀ ਕਰਦਾ,
ਇਹ ਸ਼ੁਹਦਾ ਮਨ ਚੰਚਲ ਇਹ,
ਨਿੱਤ ਬੇਖੌਫ਼ ਉਡਾਰੀ ਭਰਦਾ।
ਤੂੰ ਹੀ ਤਾਂ ਜਿਸ ਕਰਕੇ ਤਣਿਆ,
ਇਰਦੇ ਗਿਰਦੇ ਮੇਰੇ,
ਮੋਹ, ਮੁਹੱਬਤ, ਰਿਸ਼ਤੇ,
ਨਾਤੇ ਤੇ ਮਮਤਾ ਦਾ ਪਰਦਾ।

ਜਦ ਤੱਕਿਆ ਮੈਂ ਤੇਰੇ ਮੂੰਹ ਨੂੰ,
ਸੁਫ਼ਨਾ ਹਰ ਔਰਤ ਦਾ,
ਮਨ ਦੇ ਮੋਹ ਵਿੱਚ ਭਿੱਜਿਆ ਭਿੱਜਿਆ ਤਰਦਾ।
ਜ਼ਿੰਦਗੀ ਜਾਪੇ ਭਰੀ ਭਕੁੰਨੀ ਚਾਰੇ ਪਾਸੇ,
ਮੇਰੇ ਵਿਹੜੇ ਮੀਂਹ ਖੁਸ਼ੀਆਂ ਦਾ ਵਰ੍ਹਦਾ।
ਹੁਣ ਹਰ ਸੁਫ਼ਨਾ,
ਹਰ ਇੱਛਾ ਤੇ ਹਰ ਚਿੰਤਾ ਬੱਸ,
ਘੁੰਮ ਘੁੰਮਾ ਕੇ ਤੇਰੇ ਤੇ ਆ ਖੜ੍ਹਦਾ।
ਉਹ ਪਲ ਮੈਨੂੰ ਕਦੇ ਭੁੱਲ ਨਾ ਸਕਦੇ,
ਜਦ ਹਿੱਕੜੀ ਵਿੱਚੋਂ ਅੰਮਿਣ-ਮੱਤਾ ਦੁੱਧ ਸੀ ਝਰਦਾ।
ਤੋਤਲੀਆਂ ਗੱਲਾਂ, ਉਹ ਨਖ਼ਰੇ, ਭੋਲ਼ਾ ਬਚਪਨ,
ਮੇਰੇ ਮਨ ਦੇ 'ਨ੍ਹੇਰੇ ਕੋਨੇ, ਜਗ-ਮਗ ਦੀਵੇ ਧਰਦਾ।

ਮਨ ਮਸਤਕ ਵਿੱਚ ਜਿੰਨਾ ਕੁੱਝ ਸੀ,
ਕੁਦਰਤ ਨੇ ਆਪਣੇ ਹੱਥੀਂ ਉਹ,
ਮੇਰੀ ਝੋਲ਼ੀ ਭਰ ਤਾ।
ਧੀ ਮੇਰੀ,
ਮੇਰੀ ਧੜਕਣ ਬਣ ਗਈ,
ਨਾ ਸ਼ਿਕਵਾ, ਨਾ ਰੋਸਾ,

ਦਿਲ ਨਿੰਮ੍ਹਾਂ ਨਿੰਮ੍ਹਾਂ ਠਰਦਾ।
ਜਾਸਮਿਨ ਤੇਰੀ ਲੰਮੀ ਦੇਖ ਉਡਾਰੀ ਨੂੰ ਹੁਣ,
ਹਰ ਵੇਲੇ ਇਹ ਦਿਲ ਅਸ਼-ਅਸ਼ ਕਰਦਾ।
ਜੁਗ ਜੁਗ ਜੀਵੇ, ਖੁਸ਼ੀਆਂ ਮਾਣੇ,
ਮਾਂ ਦੀਆਂ ਆਸਾਂ ਤੋੜ ਚੜ੍ਹਾਵੇਂ,
ਭਰਿਆ ਰਹੇ ਚੌਗਿਰਦਾ,
ਤੇਰਾ ਭਰਿਆ ਰਹੇ ਚੌਗਿਰਦਾ।

*(ਦਿਲ ਦੀਆਂ ਗਹਿਰਾਈਆਂ ਚੋਂ ਤੇਰੀ ਮਾਂ)*

## ਸਵੈ...

ਸਵੈ ਤੇ ਸਵਾਲ ਕਰਨਾ
ਬੜਾ ਹੀ ਮੁਸ਼ਕਲ ਹੈ-
ਗਲਤੀਆਂ ਕਰਕੇ
ਆਪਣੇ ਆਪ ਨੂੰ ਸਹੀ ਸਿੱਧ ਕਰਨਾ,
ਆਪਣੇ ਹੀ ਖ਼ਿਆਲਾਂ ਦਾ ਪੁਲੰਦਾ ਲੈ
ਸੂਈ ਦੇ ਨੱਕੇ ਵਿੱਚੋਂ ਦੀ ਲੰਘਣਾ,
ਆਪਣੇ ਆਪੇ ਦਾ ਖਿਲਾਅ
ਜ਼ਿੰਦਗੀ ਦੀਆਂ ਨੀਹਾਂ ਵਿੱਚ ਚਿਣੀ ਜਾਣਾ,
ਹਰ ਵਕਤ ਭਟਕਦੇ ਰਹਿਣਾ
ਝੂਠ ਨੂੰ ਸੱਚ ਦਾ ਮਖੌਟਾ ਪਹਿਨਾਉਣਾ।

ਇਸ ਭਟਕਣ ਵਿੱਚ ਵੀ ਰਾਹ ਤਲਾਸ਼ਣਾ
ਸਵੈ 'ਤੇ ਉਂਗਲ ਕਰਨਾ
ਦਿਸ਼ਾਹੀਣ ਨਿਰਾਸ਼ਤਾ ਨਹੀਂ
ਸਗੋਂ ਮੰਜ਼ਲ ਦੀ ਸੌਖੀ ਪਗਡੰਡੀ ਹੈ।

## ਲੁਕਣਮੀਟੀ

ਉਹ ਕਰੂਰ ਜ਼ਿੱਦੀ ਆਦਮੀ
ਜ਼ੁਲਮ ਢਾਹੁੰਦਾ ਹੈ ਲੋਕਾਂ 'ਤੇ
ਦਿੰਦਾ ਹੈ ਹਿਰਦੇ ਵੇਦਕ ਤਸੀਹੇ
ਚਲਦਾ ਹੈ ਕੋਝੀਆਂ ਚਾਲਾਂ
ਮੈਂ ਦੇਖਿਆ ਹੈ ਉਸਨੂੰ ਨੇੜਿਓਂ
ਉਹ ਜ਼ਮੀਰੋਂ ਖਾਲ਼ੀ ਮਨੁੱਖ
ਲੱਖਾਂ ਦੇ ਬਸਤਰਾਂ ਹੇਠ।

ਤਨੋ ਮਨੋ ਅੰਤਾਂ ਦਾ ਗ਼ਰੀਬ
ਗਿਆ ਗੁਜ਼ਰਿਆ
ਕਿੰਨਾ ਮੀਸਣੈ !
ਸਾਊ ਬੋਲਦਾ ਨਹੀਂ
ਮਨ ਦੀ ਬਾਤ ਤੋਂ ਬਿਨਾਂ।

ਉਹ ਤਾਂ ਹੀ ਪਹਿਨਦਾ ਹੈ
ਭਿੰਨ-ਭਿੰਨ ਬਹੁ-ਰੂਪ ਮਖੌਟੇ
ਸਾਹਮਣਾ ਨਹੀਂ ਕਰ ਸਕਦਾ
ਅਣਗਿਣਤ ਬੇਖ਼ੌਫ਼ ਅੱਖਾਂ ਦਾ।

ਉਸਨੇ-
ਜਿਨ੍ਹਾਂ ਦੇ ਸੁਪਨਿਆਂ ਵਿਚੋਂ
ਖੋਹੀ ਹੈ ਨੀਂਦ
ਜਿਨ੍ਹਾਂ ਦੀਆਂ ਸੱਧਰਾਂ,
ਅਰਮਾਨਾਂ ਦੀ ਦਿੱਤੀ ਹੈ ਭੇਟਾ
ਜਿਨ੍ਹਾਂ ਦੀਆਂ ਮੰਜ਼ਲਾਂ ਦੀ
ਅਧਵਾਟੇ ਕੱਟੀ ਹੈ ਡੋਰ
ਜਿਨ੍ਹਾਂ ਦੇ ਮਨੁੱਖੀ ਰਿਸ਼ਤਿਆਂ ਨੂੰ
ਚੱਬ ਕੇ ਬਣਾ ਦਿੱਤਾ ਹੈ ਕਚਰਾ

ਉਹ ਅੱਖਾਂ ਦੇਖ ਰਹੀਆਂ ਹਨ
ਇਹ ਬਹਿਰੂਪੀਏ ਵਾਲੀ
ਲੁਕਣਮੀਟੀ ਦੀ ਖੇਡ
ਚੱਲੇਗੀ ਕਿੰਨਾ ਚਿਰ।

## ਪੱਥਰ/ਜ਼ਿੰਦਗੀ

ਬਹੁਤ ਦਿਨਾਂ ਤੋਂ ਮੈਂ
ਚੁੱਪ ਗੜੁੱਪ ਸੀ ਜਿਵੇਂ ਪੱਥਰ
ਅਚਾਨਕ---
ਇੱਕ ਨਜ਼ਮ ਨੇ ਮੇਰੇ ਮਨ ਦੀ
ਕੈਨਵਸ 'ਤੇ ਦਸਤਕ ਦਿੱਤੀ
ਕੁੱਝ ਹਰਫ਼ਾਂ ਨੇ ਮੱਥੇ ਵਿੱਚ
ਅੰਗੜਾਈ ਲਈ
ਸ਼ਬਦਾਂ ਨੂੰ ਹਥੇਲੀ 'ਤੇ ਰੱਖਿਆ
ਖਿਆਲਾਂ ਦੀਆਂ ਉਡਾਰੀਆਂ ਲਾ
ਦੇਸ ਪ੍ਰਦੇਸ਼ ਘੁੰਮ ਆਈ।

ਜਦੋਂ ਘਰ ਪਰਤੀ
ਤਾਂ ਬੋਝੇ ਵਿੱਚੋਂ ਨਿਕਲੇ
ਉਹੀ------
ਉਜੜੇ ਘਰ
ਹੜ੍ਹਾਂ ਦੀ ਮਾਰ
ਪ੍ਰਦੂਸ਼ਤ ਹਵਾ
ਮੂੰਹਾਂ 'ਤੇ ਮਾਸਕ
ਮੰਡੀ ਵਿੱਚ ਉਲਝੇ ਸੁਫ਼ਨੇ
ਕਾਰਪੋਰੇਟਾਂ ਦੀ ਦੌੜ
ਕੰਮਪਿਊਟਰਾਂ ਵਿੱਚ ਧਸੀ ਜਨਤਾ
ਭੁੱਖੇ ਢਿੱਡਾਂ ਦਾ ਰੁਦਨ
ਮਖੌਟਿਆਂ ਵਿੱਚ ਲਿਪਟੇ ਚਿਹਰੇ
ਰਾਜਨੀਤੀ ਦੀ ਕਾਵਾਂ ਰੌਲ਼ੀ
ਚਾਰੇ ਪਾਸੇ ਮੀਡੀਏ ਦੇ ਧੂ-ਤੂ
ਮੁਰਝਾਈਆਂ ਕਲੀਆਂ
ਨਸ਼ਿਆਂ ਦੀ ਉਮਦਾ ਫ਼ਸਲ
ਕਰਜ਼ੇ ਹੇਠ ਲਿਤਾੜਿਆ ਕਿਰਤੀ

ਟਰੈਕਟਰ ਟਰਾਲੀਆਂ ਦਾ ਘਮਸਾਣ।

ਅੱਕੀ ਹੋਈ—
ਬੋਝਾ ਸਿੱਟਣ ਹੀ ਲੱਗੀ ਸਾਂ
ਤਾਂ ਕਿਸਾਨੀ ਝੰਡੇ ਨਾਲ
ਕਿਰਤੀਆਂ ਦੇ ਖ਼ੂਨ ਵਿੱਚ ਰੰਗਿਆ
ਲਾਲ ਝੰਡਾ ਦਿਖਾਈ ਦਿੱਤਾ
ਤਾਂ ਮੇਰੀ ਚੁੱਪ ਟੁੱਟੀ
ਆਪ ਮੁਹਾਰੇ
'ਇਨਕਲਾਬ ਜ਼ਿੰਦਾਬਾਦ' ਕਹਿ ਉੱਠੀ
ਤੇ 'ਮੈਂ' ਪੱਥਰ ਵਿੱਚ ਵੀ
ਜ਼ਿੰਦਗੀ ਭਰ ਗਈ।

## ਕੀ ਗਿਲ੍ਹਾ ਹੈ ਓਸ ਤੇ-

ਕੀ ਗਿਲ੍ਹਾ ਹੈ ਓਸ ਤੇ, ਜਿਸ ਮੂੰਹ ਨੂੰ ਲੱਗਾ ਖ਼ੂਨ ਹੈ।
ਸਿਦਕ ਮੇਰਾ ਲੜਖੜਾਇਆ ਜਦ ਮੁੱਕਿਆ ਮੇਰਾ ਜਨੂੰਨ ਹੈ।
ਜੇ ਸਬੂਤੇ ਕਦਮ ਲੈ ਕੇ ਤੁਰ ਸਕੀ ਨਾ ਸਾਥੀਓ,
ਕਾਹਦਾ ਮੇਰਾ ਜਿਉਣ ਹੈ ਤੇ ਕਾਹਦੀ ਮੇਰੀ ਜੂਨ ਹੈ।
ਖ਼ੌਫ਼ ਭਰੀਆਂ ਨੇ ਹਵਾਵਾਂ, ਬੇਕਿਰਕ ਹੈ ਜ਼ਿੰਦਗੀ,
ਹੁਣ ਬੈਠਣ ਵਿੱਚ ਨਹੀਂ, ਵਗਣ ਵਿੱਚ ਸਕੂਨ ਹੈ।
ਨਜ਼ਰ ਮੇਰੀ ਵਿੱਚ ਤਾਂ ਖੁੱਲ੍ਹ ਗਏ ਨੇ ਸਾਰੇ ਭੇਦ ਹੀ,
ਖੁੱਲ੍ਹਿਆ ਜਿਹੜਾ ਨਹੀਂ ਉਹ ਦੱਸ ਕੀ ਮਜ਼ਬੂਨ ਹੈ।
ਖਾ ਲਏ ਰਾਹਵਾਂ ਨੇ ਭੁੱਖੇ ਅਣਗਿਣਤ ਮਜ਼ਦੂਰ ਲੋਕ,
ਮਰਦਿਆਂ ਨੂੰ ਮਾਰਨਾ ਭਗਵੇਂ ਦਾ ਇਹ ਕਾਨੂੰਨ ਹੈ।
ਅੰਬਰਾਂ ਤੋਂ ਵੀ ਉਚੇਰੀ ਉਸਦੀ ਹੋਵੇਗੀ ਉਡਾਣ,
ਮੱਥਿਆਂ ਵਿੱਚ ਚਮਕ, ਸੀਨੇ ਖੌਲ਼ਦਾ ਜਿਸ ਖ਼ੂਨ ਹੈ।
ਓਸ ਅੰਬਰ ਤੇ ਚੜ੍ਹਨਗੇ ਲੱਖ ਸੂਰਜ ਇੱਕ ਦਿਨ,
ਧਰਤ ਜਿਹੜੀ ਤੇ ਵੀ ਡੁੱਲਿਆ ਕਿਰਤੀਆਂ ਦਾ ਖ਼ੂਨ ਹੈ।

## ਸਮਾਜੀ ਅਕਸ

ਇੱਟਾਂ, ਪੱਥਰਾਂ, ਲੱਕੜਾਂ,
ਸਰੀਏ ਨਾਲ ਬਣਿਆ
ਇਹ ਮਕਾਨ
ਜੀਹਨੂੰ ਕਹਿੰਦੀ ਹਾਂ
ਆਪਣਾ ਘਰ
ਸਮਾਈਆਂ ਹਨ ਜਿਸ ਵਿੱਚ
ਮੇਰੇ ਖ਼ੂਨ ਪਸੀਨੇ ਦੀਆਂ ਬੂੰਦਾਂ
ਛੁਪੀਆਂ ਹਨ ਕੰਧਾਂ ਕੌਲ਼ਿਆਂ
ਬੂਹੇ ਬਾਰੀਆਂ ਵਿੱਚ
ਮੇਰੀਆਂ ਵਡਮੁੱਲੀਆਂ ਸੱਧਰਾਂ
ਖੂੰਜਿਆਂ ਵਿੱਚ ਦੱਬੇ ਹਨ
ਮੇਰੀਆਂ ਅਧਸੁੱਤੀਆਂ
ਰਾਤਾਂ ਦੇ ਸੁਪਨੇ
ਭਾਂਵੇਂ ਖੁੱਲ੍ਹਦੇ ਹਨ ਇਸਦੇ
ਬੂਹੇ ਸਵੇਰਸਾਰ ਤੇ
ਬੰਦ ਹੋ ਜਾਂਦੇ ਹਨ ਤ੍ਰਿਕਾਲਾਂ ਨੂੰ।

ਰਾਤ ਦੇ ਸਕੂਨ ਲਈ
ਵਾਹੋਦਾਹ ਜੁੱਟੀ ਹਾਂ
ਇਸ ਮੰਮਟੀ ਨੂੰ ਬਚਾਉਣ ਲਈ
ਹੋ ਨਾ ਜਾਣ ਬੰਦ ਇਸਦੇ ਬੂਹੇ
ਵਾਵਰੋਲ਼ਿਆਂ ਦੀ ਘੁੰਮਣਘੇਰੀ ਵਿੱਚ
ਕੀ ਫ਼ਰਕ ਪੈਂਦਾ ਹੈ
ਇਸ ਚੂਹੇਦਾਨੀ ਵਰਗੀ ਸ਼ੈਅ ਨੂੰ
ਘਰ ਕਹਾਂ ਜਾਂ ਮਕਾਨ ਜਾਂ
ਰਾਤ ਕੱਟਣ ਦਾ ਵਸੀਲਾ
ਜਾਂ ਸਮਾਜੀ ਅਕਸ।

ਅੱਜ ਦੇ ਜ਼ਮਾਨੇ ਵਿੱਚ
ਵਾਵਰੋਲ਼ਿਆਂ ਵਿੱਚ ਘਿਰੀ
ਮੰਮਟੀ ਨੂੰ ਥਾਂ ਸਿਰ ਕਰਨ ਲਈ
ਸਮਾਜੀ ਰੁੱਤਬਾ ਸਥਿਰ ਕਰਨ ਲਈ
ਕੀਤਾ ਹੈ ਰਾਤ ਦਿਨ ਇੱਕ
ਹਰ ਵਕਤ ਤਤਪਰ ਹਾਂ
ਮਾਰਨ ਲਈ ਬਾਜ਼ੀ ਜ਼ਿੰਦਗੀ ਦੀ
ਬਚਿਆ ਰਹੇ ਮੇਰਾ ਸਮਾਜੀ ਅਕਸ ਜਾਂ
ਇਹ ਮੰਮਟੀ ਵਰਗੀ ਸ਼ੈਅ-ਘਰ।

## ਕੰਨ ਪਾੜਵਾਂ ਹੋਕਾ

ਇਸ ਵਿੱਚ ਸ਼ੱਕ ਨਹੀਂ
ਕਿ ਅੱਜ ਕੱਲ ਮੇਰਾ ਸ਼ਹਿਰ
ਡੂੰਘੇ ਮੰਝਧਾਰ ਦੀ
ਘੁੰਮਣਘੇਰੀ ਵਿੱਚ
ਰਿਹਾ ਹੈ ਜੀਅ
ਲੜ ਰਿਹਾ ਹੈ
ਜ਼ਿੰਦਗੀ ਦਾ ਯੁੱਧ
ਹੰਢਾ ਰਿਹਾ ਹੈ
ਸੰਤਾਪ ਦਾ ਮੰਜ਼ਰ।

ਜਾਗਦੇ ਰਹਿਣ ਦਾ ਭਰਮ
ਪਾਲ਼ਦੇ ਲੋਕਾਂ ਨੂੰ
ਨੀਂਦ ਤੋਂ ਜਗਾਉਣ ਲਈ
ਤੱਤੀਆਂ ਹਵਾਵਾਂ ਦੇ ਰੂ-ਬ-ਰੂ ਹੋ
ਤਹਿ ਤੱਕ ਜਾਵਾਂ,
ਕਰਾਂ ਪੜਚੋਲ ਜਾਂ
ਸਿਰ ਸਿੱਟ
ਕਰਾਂ ਲਾਸ਼ਾਂ ਦੀ ਗਿਣਤੀ ਜਾਂ
ਸ਼ਬਦਾਂ ਨਾਲ ਗੁਫ਼ਤ-ਗੂ ਕਰ
ਦਿਆਂ ਕੰਨ ਪਾੜਵਾਂ ਹੋਕਾ
ਕਿ ਉਹ ਜਾਗ ਜਾਣ
ਤੇ ਆਪਣੇ ਫ਼ਰਜ਼ ਪਛਾਣ ਜਾਣ।

# ਰੰਗਲਾ ਮਹਿਲ

ਮਾਂ ਤੋਂ ਚੋਰੀ
ਕਦੇ ਕਦੇ ਜਵਾਨੀ ਦੇ ਦਿਨਾਂ ਵਿੱਚ
ਸ਼ੀਸ਼ੇ ਮੂਹਰੇ ਖੜ੍ਹ ਕੇ ਮੌਕਾ ਲੱਭਣਾ
ਆਪਣੇ ਆਪ ਨੂੰ ਨਿਹਾਰਨ ਦਾ।
ਪਲ ਦੀ ਪਲ
ਮਨ ਕਰ ਆਉਂਦਾ ਸੀ ਵਾਟਾਗਾਹੀ
ਦਾਦੀ ਦੀਆਂ ਪਰੀ ਕਹਾਣੀਆਂ ਵਿੱਚ-
"ਰਾਜਕੁਮਾਰ ਘੋੜੇ ਤੇ ਆਵੇਗਾ
ਲੈ ਜਾਵੇਗਾ ਮਹਿਲਾਂ ਵਿੱਚ
ਪਾਸਾ ਲੈ ਕੇ ਪਲੰਘ ਤੇ ਪਈ
ਰਾਣੀ ਦਾ ਖਣਪੱਟੀ ਵਾਲਾ ਦ੍ਰਿਸ਼
ਘੁੰਮਦਾ ਅੱਖਾਂ ਸਾਹਵੇਂ ਜਿਉਂ ਦਾ ਤਿਉਂ।"
ਤਾਂ ਮੁਸਕੜੀਏਂ ਹਾਸਾ ਹੱਸਦੀ
ਸੁਪਨਿਆਂ ਦੇ ਵਹਿਣ ਵਿੱਚੋਂ
ਉਦੋਂ ਨਿਕਲਦੀ, ਜਦੋਂ ਮਾਂ ਦਾ
ਕੰਨ ਪਾੜਵਾਂ ਲਲਕਾਰਾ-
"ਨੀ ਤੂੰ ਐਥੇ ਈ ਸ਼ੀਸ਼ੇ 'ਚ
ਸਿਰ ਦੇ ਕੇ ਬੈਠੀ ਰਹੇਂਗੀ ਤੇ
ਆਹ ਗੋਹੇ ਦਾ ਟੋਕਰਾ
ਤੇਰਾ ਪਿਓ ਚੱਕੂ।"
ਪਲਾਂ ਛਿਣਾਂ ਵਿੱਚ ਹੋ ਜਾਂਦਾ
ਚਕਨਾਚੂਰ ਮੇਰਾ ਰੰਗਲਾ ਮਹਿਲ
ਬਣ ਜਾਂਦਾ ਗੋਹੇ ਦੀ ਢੇਰੀ
ਮੈਂ ਫਟਾਫਟ
ਕੂੜੇ ਦੇ ਟੋਕਰੇ ਵਿੱਚ
ਆਪਣੇ ਸੁਪਨੇ ਸਜਾ
ਰੂੜੀ ਦੇ ਢੇਰ 'ਤੇ ਸੁੱਟ ਆਉਂਦੀ ਹਾਂ।

# ਅੱਜ ਇਕੱਲਾ ਨਹੀਂ ਹੈ ਉਹ

ਅੱਜ ਇਕੱਲਾ ਨਹੀਂ ਹੈ ਉਹ, ਦਰਿਆ ਵੀ ਆਇਆ ਨਾਲ਼ੋ-ਨਾਲ਼।
ਪੌਣਾਂ ਨੇ ਵੀ ਅੱਜ ਏਕੇ ਦਾ, ਗੀਤ ਹੈ ਗਾਇਆ ਨਾਲ਼ੋ-ਨਾਲ਼।
ਨੈਣਾਂ ਵਿੱਚ ਹੀ ਨਹੀਂ ਝੂਲਦੇ ਸੰਗਰਾਮਾਂ ਦੇ ਸੁਫ਼ਨੇ ਉਸਦੇ,
ਸੜਕਾਂ ਤੇ ਵੀ ਆ ਕੇ ਉਸਨੇ ਰੋਹ ਦਿਖਾਇਆ ਨਾਲ਼ੋ-ਨਾਲ਼।
ਸਦੀਆਂ ਤੋਂ ਸੁੱਤਾ ਸੀ ਜਿਹੜਾ ਚੁੱਪ-ਚੁਪੀਤਾ ਹਨ੍ਹੇਰੇ ਵਿੱਚ,
ਭਾਂਬੜ ਵਿੱਚ ਧੱਕ ਦਿੱਤਾ ਉਸਨੂੰ, ਜੋ ਕਾਂਡ ਰਚਾਇਆ ਨਾਲ਼ੋ-ਨਾਲ਼।
ਮੇਰੀ ਸੋਚ ਨੂੰ ਜਿੰਦਰੇ ਮਾਰਨ ਬਾਰੇ ਜਿਹੜੇ ਸੋਚ ਰਹੇ ਸੀ,
ਮੇਰੀਆਂ ਬਾਗ਼ੀ ਸੋਚਾਂ ਨੇ ਸਭ ਕੁੱਝ ਰੁਸ਼ਨਾਇਆ ਨਾਲ਼ੋ-ਨਾਲ਼।
ਬੇਸ਼ੱਕ ਬੂੰਦ ਹਾਂ, ਜ਼ੱਰਾ ਹਾਂ, ਜੰਗ ਦਾ ਮਾਦਾ ਰੱਖਦਾ ਹਾਂ,
ਜੂਝਦਿਆਂ ਕਿਰਸਾਨੀ ਦਾ ਪਰਚਮ ਲਹਿਰਾਇਆ ਹੈ ਨਾਲ਼ੋ-ਨਾਲ਼।
ਇਹ ਨਾ ਸੋਚੀਂ ਕਿ 'ਕੱਲਾ ਕਿਰਸਾਨ ਹੈ ਆਇਆ ਚੜ੍ਹ ਚੜ੍ਹ ਕੇ,
ਹਰ ਇੱਕ ਕਿਰਤੀ, ਹਰ ਇੱਕ ਕਾਮਾ, ਚੜ੍ਹ ਕੇ ਆਇਆ ਨਾਲ਼ੋ-ਨਾਲ਼।
ਮੁੜ੍ਹਕੇ ਦੇ ਰੰਗ ਵਿੱਚ ਘੋਲ਼ ਕੇ, ਰੰਗ ਸ਼ਹਾਦਤ ਵਾਲ਼ੇ,
ਅੱਤ ਤੇ ਅੰਤ ਦਾ ਫ਼ਰਕ ਮਿਟਾਵਣ ਅੱਜ ਹੈ ਆਇਆ ਨਾਲ਼ੋ-ਨਾਲ।
ਅੰਮ੍ਰਿਤ ਛਕਿਆ ਹੈ ਸਿਰੜਾਂ ਦਾ, ਨਾਲੇ ਸਬਰ ਸਿਦਕ ਦਾ,
ਜ਼ਾਮ ਸ਼ਹਾਦਤ ਗੁਰਾਂ ਅਸਾਨੂੰ, ਪੀਣ ਸਿਖਾਇਆ ਨਾਲ਼ੋ-ਨਾਲ਼।
ਜ਼ੋਰ ਤੂੰ ਲਾ ਕੇ ਭੰਡਿਆ ਸਾਨੂੰ ਮਾਓਵਾਦੀ, ਅੱਤਵਾਦੀ ਕਹਿ ਕੇ,
ਫਿਰ ਵੀ ਚੜ੍ਹ ਕੇ ਆਇਆ, ਸੋਚਾਂ ਦਾ ਸਰਮਾਇਆ ਨਾਲ਼ੋ ਨਾਲ਼।

## ਆਸਿਫ਼ਾ ਦੇ ਨਾਂ

ਐ ਆਸਿਫ਼ਾ
ਕਦੋਂ ਦੀ ਗੁਆਚ ਚੁੱਕੀ ਸੀ ਤੂੰ
ਬਚਪਨ, ਮਾਸੂਮੀਅਤ ਤੇ
ਆਪਣੀ ਸੁਨਹਿਰੀ ਰੁੱਤ ਦੇ ਖਿਡਾਉਣੇ
ਹੇਲ ਮੇਲ ਹੋ ਗਈ ਸੀ
ਖੁੱਲ੍ਹੀਆਂ ਚਰਾਂਦਾਂ
ਪਸ਼ੂ, ਪੰਛੀਆਂ ਦੀਆਂ ਅਵਾਜ਼ਾਂ ਤੇ
ਪੌਣਾਂ ਦੇ ਤੱਤੇ ਠੰਢੇ ਸੁਭਾਅ ਨਾਲ਼।

ਹੁਣ ਤਾਂ ਅਗਲੇ ਸਮੇਂ ਵਿੱਚ
ਸਿਰਜਣਾ ਸੀ ਸੁਪਨਿਆਂ,
ਉਮੀਦਾਂ ਦਾ ਸੰਸਾਰ
ਸਿੱਖਣਾ ਸੀ ਹਿਰਨਾਂ ਤੋਂ
ਚੁੰਗੀਆਂ ਭਰਨਾ
ਮੌਲ੍ਹਣਾ ਸੀ ਬਹਾਰ ਦੀ ਰੁੱਤੇ
ਨਵਪੁੰਗਰੇ ਪੱਤਿਆਂ ਤੇ ਫੁੱਲਾਂ ਵਾਂਗ।

ਪਰ
ਇਸ ਰੁੱਤੇ ਪੈ ਗਈ ਤੇਰੇ 'ਤੇ ਮਾਰ
ਰੰਗ-ਬਰੰਗੇ ਫੁੱਲਾਂ ਦਾ ਰੰਗ
ਖੋਹ ਲਿਆ ਭਗਵੇਂ ਰੰਗ ਨੇ
ਸੁਣਿਆ ਹੈ ਦਰੋਪਤੀ ਦੇ ਚੀਰਹਰਣ
ਵੇਲ਼ੇ ਪਹੁੰਚਿਆ ਸੀ ਰਾਮ
ਪਰ ਤੇਰੇ ਨਾਲ ਰਾਮ ਦੀ
ਬੁੱਕਲ਼ ਵਿੱਚ ਬਹਿ ਕੇ
ਹੋ ਰਿਹਾ ਸੀ ਕੁਕਰਮ।

ਰੱਬ ਦੇ ਰਿਹਾ ਸੀ ਮੌਕਾ
ਲੋਕਾਂ ਨੂੰ ਸੱਚ ਤੋਂ ਮੁਕਰਨ ਦਾ
ਕਿ ਉਹ ਕਹਿ ਸਕਣ
ਕਿਸਮਤ ਦੀ ਹੋਣੀ
ਕਰਮਾਂ ਦੀ ਖੇਡ
ਮੁਸਲਿਮ ਦੀ ਧੀ
ਬੇਲੋੜੀ ਔਲਾਦ।

ਧੀਏ ਤੂੰ ਰੰਗ ਦਿੱਤਾ ਹੈ ਭਗਵੇਂ ਨੂੰ
ਆਪਣੀ ਲਾਲ ਰੱਤ ਨਾਲ
ਇਹ ਹੁਣ ਅਜਾਂਈ ਨਹੀਂ ਜਾਵੇਗੀ
ਖੌਲ਼ੇਗੀ, ਲੂਹਰੀਆਂ ਪਾਵੇਗੀ
ਸੁਚੇਤ ਮਨਾਂ ਵਿੱਚ
ਲਾਹਨਤਾਂ ਵੀ
ਦੋਗ਼ਲੇ ਕਿਰਦਾਰਾਂ ਤੇ
ਜੋ ਜਾਣਦੇ ਹੋਏ ਵੀ
ਮੌਨ ਵਰਤ ‘ਤੇ ਹਨ।

## ਦੁੱਧ ਦੀ ਲਾਜ

ਸਿਰਫ਼
ਬੱਚੇ ਪੈਦਾ ਕਰਨ ਨਾਲ
ਮਾਂ, ਮਾਂ ਨਹੀਂ ਹੁੰਦੀ
ਮਾਂ ਦੀ ਮਮਤਾ ਦੀ ਬਰਸਾਤ
ਤਾਂ ਹੁੰਦੀ ਹੈ ਸਾਰੀ ਜ਼ਿੰਦਗੀ।
ਅੱਜ ਕੱਲ੍ਹ ਦੁਨੀਆਂ ਵਿੱਚ
ਮਾਂ ਦੀ ਮਮਤਾ ਵੜ ਬੈਠੀ ਹੈ
ਸਾਮਰਾਜੀ ਘੁਰਨਿਆਂ ਵਿੱਚ
ਸਾਜ਼ਸ਼ਾਂ ਨਾਲ ਨਿਚੋੜ ਲਿਆ ਹੈ ਜਿਸਨੇ
ਜਿਸਮਾਂ ਵਿੱਚੋਂ ਮਾਵਾਂ ਦਾ ਸਾਰਾ ਦੁੱਧ।

ਮਾਂ
ਨਿਹਾਰਨਾ ਸੀ ਜਿਸਨੇ
ਬੱਚੇ ਦੇ ਨਕਸ਼ਾਂ ਨੂੰ ਨੀਝ ਲਾ ਕੇ
ਦੇਣੀ ਸੀ ਲੋਰੀ ਮਿੱਠੀ ਨੀਂਦ ਦੇ
ਸੁਪਨੇ ਸੁਜਾਉਣ ਲਈ
ਜਿਸਦੇ ਮੋਹ ਨੇ ਤਰੰਗਾਂ ਦੀ ਝੁਣਝਣੀ
ਛੇੜਣੀ ਸੀ ਉਹਦੇ ਦਿਲ ਵਿੱਚ
ਸਜਾਉਣਾ ਸੀ ਸੁਪਨਾ
ਸੁੰਦਰ ਭਵਿੱਖ ਦਾ
ਦੁੱਧ ਤੇ ਵੱਢੀ ਦੰਦੀ ਦੇ
ਦੁਖੀ ਅਹਿਸਾਸ ਤੇ ਵੀ
ਦੰਦਾਂ ਵਿੱਚ ਜੀਭ ਦੇ ਕੇ
ਪੀ ਕੇ ਚੀਸ
ਦੇਣੀ ਸੀ ਜਿਸ ਮਿੱਠੀ ਘੁਰਕੀ
ਤੈਰਨੇ ਸੀ ਖੁਸ਼ੀ ਦੇ ਹੰਝੂ
ਉਸਦੀ ਇੱਕ ਤੱਕਣੀ ਨਾਲ

ਪਾਉਣੀ ਸੀ ਬਾਤ ਜਿਸਨੇ
ਗੋਦ ਵਿੱਚ ਬਿਠਾ ਕੇ
ਅਣਖ, ਇੱਜ਼ਤ ਤੇ
ਦਾਦਿਆਂ ਪੜਦਾਦਿਆਂ ਦੇ ਕਰਜ਼ ਦੀ।

ਖੁੱਲ੍ਹੀ ਮੰਡੀ ਦੀ ਗੋਦ ਨੇ
ਨਿਗਲ਼ੀ ਹੈ ਮਾਂ ਦੀ ਮਮਤਾ
ਰੋਲ਼ ਦਿੱਤੀ ਹੈ ਖੁਆਹਸ਼ਾਂ ਵਿੱਚ
ਲੋੜਾਂ ਦਾ ਪਰਦਾ ਪਾ ਕੇ
ਬੱਚੇ ਦੀਆਂ ਕਿਲਕਾਰੀਆਂ
ਕੁਦਰਤ ਦੇ ਨਿਯਮ ਦਾ ਕਰਕੇ ਮਲੀਆਮੇਟ
ਪੈਕਟਾਂ ਦੇ ਦੁੱਧ ਕਰਦੇ ਨੇ
ਢਿੱਡ ਦੀ ਭੁੱਖ ਨੂੰ ਦੂਰ
ਮਨ ਤੇ ਮੋਹ ਦੀ ਭੁੱਖ ਨੂੰ ਦੁੱਗਣਾ ਤਿੱਗਣਾ
ਤੋੜ ਦਿੰਦੇ ਨੇ ਰਿਸ਼ਤਿਆਂ ਦੀ ਤੰਦ
ਜਨਮਾਂ ਤੋਂ ਹੀ।

ਸਨਅਤ ਦੀ ਪੈਦਾਵਾਰ
ਬਾਰਬੀ ਡੌਲ ਦੀ ਰੀਸੋ ਰੀਸ
ਫਿੱਗਰਾਂ ਦੇ ਚੱਕਰ ਵਿੱਚ
ਕੰਮਾਂ ਤੇ ਟੱਕਰਾਂ ਮਾਰਦੀ
ਗੁਆ ਬਹਿੰਦੀ ਹੈ
ਮਾਂ ਦੇ ਦੁੱਧ ਦਾ ਹਿਸਾਬ
ਜੋ ਮੰਗਣਾ ਸੀ ਉਸਨੇ
ਆਪਣੇ ਜਵਾਨ ਬੱਚਿਆਂ ਤੋਂ
ਉਸ ਨਾਲ ਹੋਈਆਂ ਵਧੀਕੀਆਂ ਦਾ
ਉਸਦੇ ਤਿੜਕੇ ਸੁਪਨਿਆਂ ਦਾ
ਹੁਣ ਉਹਨਾਂ ਵਿੱਚ ਮੋਹ ਮਮਤਾ ਦਾ ਖ਼ੂਨ ਨਹੀਂ
ਦੌੜ ਰਹੀ ਹੈ ਕੈਮੀਕਲਾਂ ਦੀ ਭਰਮਾਰ
ਜਿਸਨੇ ਕਰ ਦਿੱਤਾ ਹੈ
ਨਿੱਜ ਲਈ ਜਿਉਣ ਲਈ
ਖ਼ੂਨ ਦਾ ਰੰਗ ਸਫੈਦ।

## ਘੁੰਗਰੂਆਂ ਵਾਲ਼ੀ ਤੜਾਗੀ

ਫੁੱਟਪਾਥ ਤੇ ਜਾਂਦੀ ਹੋਈ
ਨਿਰਵਸਤਰ ਭੁੱਖ
ਕੜ੍ਹਕਦੀਆਂ ਧੁੱਪਾਂ ਵਿੱਚ
ਨੰਗੇ ਪੈਰਾਂ ਦੀ ਅਗਨ
ਵਰ੍ਹਦੇ ਮੀਹਾਂ ਵਿੱਚ
ਹੱਥਾਂ ਦੀ ਕੰਬਣੀ
ਭੁੱਖ ਦੀ ਅੱਗ
ਉਗ਼ਲ਼ਦੀ ਹੈ ਸਵਾਲ
ਆਪਣੇ ਹੀ ਦੇਸ਼ ਵਿੱਚ
ਮਿਹਣਾ ਤਾਂ ਨਹੀਂ ਸੀ ਪਰਵਾਸ।

ਵੱਡੀਆਂ ਬਿਲਡਿੰਗਾਂ, ਕਾਰੋਬਾਰਾਂ,
ਗੁੰਬਦਾਂ ਤੇ ਖੁਸ਼ਹਾਲੀ ਦੇ ਝਰੋਖੇ ਵਿੱਚੋਂ
ਨਹੀਂ ਮਿਲਿਆ ਮੁੜ੍ਹਕੇ ਦਾ ਮੁੱਲ ----
ਸੁੱਕੀਆਂ ਹਿੱਕਾਂ, ਉੱਧੜੀ ਚਮੜੀ
ਡੱਬ-ਖੜੱਬੇ, ਸੁੱਕੇ ਚਿਹਰੇ,
ਲੰਬਾ ਪੈਂਡਾ, ਸਿਰ ਤੇ ਗੰਢੜੀ
ਪੂਰਾ ਸੂਰਾ ਘਰ ਸਮੋਈ
ਫਿਰ ਵੀ ਤੁਰੀ ਜਾਂਦੀ ਹੈ ਉਹ
ਆਂਦਰਾਂ ਵਿੱਚ ਜੁਗਨੂੰ ਲਕੋਈ
ਹਨ੍ਹੇਰਿਆਂ ਦੇ ਗੰਦੇ ਸਾਹਾਂ ਵਿੱਚੋਂ
ਮੁਸਕਾਨਾਂ ਦੀ ਭਾਲ਼ ਵਿੱਚ।

ਉਹ ਚਾਹੁੰਦੀ ਹੈ ਆਪਣੇ
ਚੁੱਲ੍ਹੇ ਦੇ ਗੁਰੀਲੇ ਯੁੱਧ ਨੂੰ
ਹਰ ਹਾਲਤ ਮੱਘਦਾ ਰੱਖਣਾ
ਉਦਾਸ, ਗ਼ਮਗੀਨ ਮੌਸਮ ਦੀਆਂ

ਵਿਧਵਾ ਰੁੱਤਾਂ ਵਿੱਚੋਂ
ਚਮਕਦੇ ਸੂਰਜ ਨੂੰ ਜਨਮ ਦੇਣਾ
ਚਾਰੇ ਪਾਸੇ ਸੂਹੀ ਲਾਲੀ ਬਿਖ਼ੇਰਨਾ।

ਦੇਸ਼ ਦੀ ਵਾਗਡੋਰ ਦੇ ਮਾਲਕੋ
ਜੋਬਨ ਰੁੱਤੀ
ਲਹਿਲਹਾਂਦੀ ਫ਼ਸਲ ਦੇ ਕਾਤਲੋ
ਘੁੰਗਰੂਆਂ ਵਾਲ਼ੀ ਤੜਾਗੀ
ਤਾਂ ਜ਼ਰੂਰ ਬੱਝੇਗੀ
ਘੁੰਗਰੂ-
ਜੋ ਛਣਕਣਗੇ ਇਸ ਜੰਗਲ ਰਾਜ ਵਿੱਚ
ਕਰਨਗੇ ਹਰਾਮ ਤੁਹਾਡੀ ਨੀਂਦ
ਬਣਨਗੇ ਉਸ ਯੁੱਧ ਦੀ ਲਲਕਾਰ
ਕਿਰਤੀਆਂ ਲਈ ਇਨਸਾਫ਼
ਹਾਲਾਤਾਂ ਨੇ ਵਾਕਿਆਤ ਨੂੰ ਦਿੱਤਾ ਹੈ ਜਨਮ
ਵਾਕਿਆਤ ਦੇਵੇਗਾ ਹੁਣ ਜ਼ਿੰਦਗੀ ਨੂੰ ਮੋੜ
ਇਹ ਮਾਂ ਦਾ ਅਹਿਦ ਹੈ
ਇੱਕ ਪਰਵਾਸੀ ਕਿਰਤੀ ਮਾਂ ਦਾ ਅਹਿਦ ਹੈ।

*(ਕਰੋਨਾ ਕਾਲ ਦੀ ਭਗਦੜ ਵਿੱਚ ਮਾਂ ਬਨਣ ਵਾਲੀ ਪ੍ਰਵਾਸੀ ਔਰਤ ਦੇ ਨਾਂ)*

## ਕਿੰਨੀ ਕੁ ਔਰਤ

ਕੇਹੀ ਕੌੜੀ ਸੱਚਾਈ ਹੈ
ਔਰਤ ਜੰਮੀ ਤੇ ਪੱਥਰ ਕਹਿ
ਦੁਰਕਾਰੀ ਗਈ,
ਖੁਸ਼ ਕਰਨ ਲਈ ਵਡੇਰਿਆਂ ਨੂੰ
ਕੰਜਕ ਬਣਾ ਲਈ,
ਆਪਣੀ ਖੁਸ਼ੀ ਲਈ
ਹੱਥ 'ਚ ਡੋਰ ਫੜ੍ਹ
ਅਸਮਾਨੀ ਚੜ੍ਹਾ ਦਿੱਤੀ।

ਮੁਜ਼ਰਾ ਦੇਖਣ ਲਈ
ਪੈਰਾਂ ਵਿੱਚ ਘੁੰਗਰੂ ਬੰਨ੍ਹ
ਬਿਠਾ ਦਿੱਤੀ ਕੋਠੇ 'ਤੇ,
ਰੰਡੀ ਦਾ ਖ਼ਿਤਾਬ ਦੇ ਕੇ
ਖੇਡ-ਖੇਡ ਦੀ ਲਤ ਵਿੱਚ
ਕਰ ਦਿੱਤੀ ਨਿਲਾਮ ਸ਼ਰ੍ਹੇ ਬਜ਼ਾਰ।

ਚਾਰ ਲਾਵਾਂ ਜਾਂ ਸੱਤ ਫੇਰਿਆਂ ਦੇ
ਢੌਂਗ ਹੇਠ ਧਰਮ ਦਾ ਬੁਰਕਾ ਪਹਿਨਾ
ਤੋਰ ਦਿੱਤੀ ਬਿਗ਼ਾਨੇ ਘਰ
ਗਾਂਵਾਂ, ਮੱਝਾਂ ਵਾਂਗ,
ਮਰਦ ਦੀ ਦਾਸੀ ਕਹਿ
ਪੈਰ ਦੀ ਜੁੱਤੀ ਬਣਾ ਲਿਆ।

ਮਨੁੱਖੀ ਹੱਕਾਂ ਤੋਂ ਵਿਰਵੀ ਕਰ
ਗਿੱਚੀ ਪਿੱਛੇ ਮੱਤ ਕਹਿ
ਬਣਾ ਦਿੱਤੀ ਮੂਲ਼ੋਂ ਹੀ ਬੁੱਧੂ, ਬੇਅਕਲ,
ਮਰਦ ਦੀ ਜਾਇਦਾਦ ਕਹਿ
ਜੂਏ ਦੀ ਜਿੱਤ ਹਾਰ ਵਿੱਚ
ਦਾਓ 'ਤੇ ਲਾ ਦਿੱਤੀ,
ਆਪਣੀ ਇੱਜ਼ਤ ਦਾ ਢੰਡੋਰਾ ਪਿੱਟਣ ਲਈ

ਅਗਨ ਪ੍ਰੀਖਿਆ ਵਿੱਚ ਪਾ
ਤੋਰ ਦਿੱਤਾ ਸੜਦੇ ਕੋਲਿਆਂ ‘ਤੇ।

ਵਸਤਾਂ ਦੇ ਵਿਉਪਾਰ ਜਾਂ ਮਸ਼ਹੂਰੀ ਲਈ
ਹਰ ਕੋਨ ਤੇ ਹਰ ਮੋੜ ਤੇ
ਡੰਮੀ ਬਣਾ ਸ਼ੀਸ਼ਿਆਂ ਵਿੱਚ
ਮੂਰਤ ਬਣਾ ਸਜਾ ਦਿੱਤੀ,
ਬਿਨ ਮਰਜ਼ੀ ਜਾਣੇ ਜਿਸਮ ਦੀ ਤ੍ਰਿਪਤੀ ਲਈ
ਖਿਲਾਰ ਦਿੱਤੀ ਬਿਸਤਰ ਵਿੱਚ,
ਪ੍ਰੰਪਰਾ ਦੀ ਦੇਵੀ
ਕੱਪੜਿਆਂ ਵਿੱਚ ਲਪੇਟ
ਬਣਾ ਧਰੀ ਲੱਜਾ ਦੀ ਦੇਵੀ।

ਆਪਣੀ ਅਣਖ਼ ਇੱਜ਼ਤ ਦਾ ਸ਼ਮਲਾ ਟੰਗ
ਖੂਹਾਂ ਵਿੱਚ ਮਾਰਨ ਲਈ ਛਾਲ਼ਾਂ
ਕਰ ਦਿੱਤਾ ਮਜਬੂਰ,
ਆਪਸੀ ਵੈਰ ਕੱਢਣ ਲਈ
ਮਾਂ, ਭੈਣ ਤੇ ਧੀ ਦੀਆਂ ਗਾਲ਼ਾਂ
ਨਾਲ਼ ਗੱਡਦਾ ਹੈ ਝੰਡਾ ਜਿੱਤ ਦਾ।

ਪਰ ਫਿਰ ਵੀ
ਕੇਹੀ ਵਿਡੰਬਨਾ ਹੈ ਕਿ
ਉਹ
ਮਾਇਆ ਦੀ ਇੱਛਾ ਲਈ
ਕਰਦਾ ਹੈ ਪੂਜਾ
ਲਕਸ਼ਮੀ ਦੇਵੀ ਦੀ,
ਗਿਆਨਵਾਨ ਹੋਣ ਲਈ
ਸਰਸਵਤੀ ਦੇਵੀ ਦੀ,
ਤਾਕਤਵਰ ਹੋਣ ਲਈ
ਦੁਰਗਾਦੇਵੀ ਦੀ।
ਕੀ ਇਹ ਸਭ ਔਰਤਾਂ ਨਹੀਂ ?

# ਇਤਿਹਾਸ ਦੀ ਇਬਾਰਤ

ਸਾਡੇ ਸਮਿਆਂ ਵਿੱਚ
ਜਦੋਂ ਹਕੂਮਤਾਂ ਦੇ ਤਖ਼ਤਾਂ ਤੋਂ
ਜਾਰੀ ਹੋਈਆਂ 'ਮਨ ਕੀਆਂ ਬਾਤਾਂ'
ਤਖ਼ਤਗਾਹਾਂ ਦੇ ਅੰਦਰ
ਮਿਥਿਹਾਸ ਨੂੰ ਰਲ਼ਗੱਡ ਕਰ
ਇਤਿਹਾਸ ਲਿਖਣ ਲੱਗੀਆਂ
ਵਹੀ ਖਾਤਿਆਂ ਵਿੱਚ
ਹਾਕਮ ਰਾਤੋ ਰਾਤ ਫੈਸਲੇ ਐਲਾਨ ਦੇ
ਤੇ ਥੋਪ ਦਿੰਦੇ ਦਿਨ ਚੜ੍ਹਨ ਤੇ
ਲੋਕਾਂ ਦੇ ਮੂੰਹ ਰਹਿ ਜਾਂਦੇ
ਅੱਡੇ ਦੇ ਅੱਡੇ।

ਫਿਰ ਲੋਕਾਈ ਦਾ ਕਾਫ਼ਲਾ ਉੱਠਿਆ
ਦਰਿਆਵਾਂ ਦੇ ਵਹਿਣ ਵਾਂਗ ਵਗਿਆ
ਹੱਦਾਂ ਬੰਨੇ ਤੋੜ, ਖਾਈਆਂ ਪੂਰ
ਬਣਾਉਂਦਾ ਗਿਆ ਰਾਹ
ਫੈਲਦਾ ਗਿਆ ਤਰਲ ਵਾਂਗ ਚਾਰ-ਚੁਫ਼ੇਰੇ
ਛੱਡਦਾ ਗਿਆ ਨਿਵੇਕਲੀਆਂ ਪੈੜਾਂ
ਵਸ ਗਏ ਸੜਕਾਂ ਦੁਆਲ਼ੇ
ਟਰਾਲੀਆਂ ਵਿੱਚ ਪੂਰੇ ਸੂਰੇ ਘਰ, ਕਬੀਲੇ।

ਰੋਹ ਦੀ ਮਿਸ਼ਾਲ ਜਗਮਗ ਹੋ ਉੱਠੀ
ਮਨੁੱਖੀ ਹੋਂਦ ਨੂੰ ਬਰਕਰਾਰ ਰੱਖਣ ਲਈ
ਸਮਾਜਿਕ ਬੁਰਾਈਆਂ ਤੋਂ ਦੂਰ
ਸਭਿਆਚਾਰਕ ਰਿਸ਼ਤਿਆਂ ਦੀ ਕੁੰਡਲੀ ਮਾਰ
ਜ਼ਿੰਦਗੀਆਂ ਵਿੱਚ ਜੀਵਨ ਧੜਕਿਆ।

ਦਿੱਲੀ ਦੇ ਚਾਰੇ ਪਾਸੇ
ਨਵਾਂ ਇਤਿਹਾਸ ਰਚਿਆ
ਜੋ ਕਲਮਾਂ ਨੇ ਹੂ-ਬ-ਹੂ
ਕੋਰੇ ਕਾਗ਼ਜ਼ ਦੇ ਪੰਨਿਆਂ ਤੇ
ਵਕਤ ਦੀ ਹਿੱਕ ਤੇ ਲਿਖ ਧਰਿਆ।

ਹੁਣ 'ਮਨ ਕੀਆਂ ਬਾਤਾਂ' ਦਾ ਇਤਿਹਾਸ
ਪੈ ਗਿਆ ਸੀ ਫਿੱਕਾ
ਪਹੁੰਚ ਗਿਆ ਸੀ
ਬਗ਼ਾਵਤੀ ਸਮੇਂ ਦੇ ਵਿਚਕਾਰ
ਖੁਦਕਸ਼ੀ ਦੀ ਕਗਾਰ 'ਤੇ
ਕਿਉਂਕਿ ਲਿਖਣ ਤੇ ਸਿਰਜਣ ਵਿੱਚ
ਹੁੰਦਾ ਹੈ ਅੰਤਰ।

ਇਤਿਹਾਸ ਸਿਰਫ਼ ਹਕੂਮਤਾਂ ਵਲੋਂ
ਕਾਗਜ਼ਾਂ ਤੇ ਲਿਖਵਾਏ ਅੱਖਰ ਹੀ ਨਹੀਂ ਹੁੰਦੇ
ਸਗੋਂ ਲੋਕਾਂ ਦੇ ਇਤਿਹਾਸ ਨੂੰ
ਧਰਤੀ ਦੀ ਹਿੱਕ 'ਤੇ
ਸਮਾਂ ਵੀ ਅੰਕਤ ਕਰਦਾ ਹੈ।

## ਖ਼ਤਰਾ

ਕਿੰਨੀ ਬਦਲ ਗਈ ਹੈ
ਪਰਿਭਾਸ਼ਾ ਖ਼ਤਰੇ ਦੀ
ਲੋਕਾਈ ਨੂੰ ਖ਼ਤਰਾ ਹੈ
ਕਰੋਨੇ ਤੋਂ
ਬਿਮਾਰੀ ਹੈ ਲਾਇਲਾਜ।
ਧਰਮ ਨੂੰ ਖ਼ਤਰਾ ਹੈ
ਦੂਜੇ ਧਰਮਾਂ ਤੋਂ
ਰਹਿ ਨਾ ਜਾਣ ਪਿੱਛੇ
ਆਪਸੀ ਦੌੜ ਵਿੱਚ।
ਸਰਮਾਏਦਾਰੀ ਨੂੰ ਖ਼ਤਰਾ ਹੈ
ਮਾਰਕਸ ਦੇ ਸਿਧਾਂਤ ਤੋਂ
ਜਿੱਥੇ ਉਹਦੀ ਲੁੱਟ ਦੇ
ਸਾਧਨਾਂ ਦਾ ਖੁਲਾਸਾ ਹੈ।
ਜਮਹੂਰੀਅਤ ਨੂੰ ਖ਼ਤਰਾ ਹੈ
82 ਵਰ੍ਹਿਆਂ ਦੇ
ਬਿਮਾਰ ਬਜ਼ੁਰਗ ਤੋਂ
ਜੋ ਲਿਖਦਾ ਹੈ ਕਵਿਤਾਵਾਂ
ਜਿਨ੍ਹਾਂ ਵਿੱਚ ਧੜਕਦੀ ਹੈ
ਲੋਕਾਂ ਦੀ ਜ਼ਿੰਦਗੀ।

## ਮੈਂ ਬਿਹਬਲ ਨਹੀਂ ਹਾਂ

ਮੈਂ ਬਿਹਬਲ ਨਹੀਂ ਹਾਂ
ਰੰਗਾਂ ਦੀ ਤਲਾਸ਼ ਵਿੱਚ
ਮੈਂ ਤਾਂ ਲੱਭਦੀ ਹਾਂ
ਰੰਗਾਂ ਵਿੱਚੋਂ ਤਰੰਗਾਂ
ਜੋ ਭਰ ਦਿੰਦੀਆਂ ਹਨ ਨਜ਼ਰਾਂ ਵਿੱਚ
ਸਤਰੰਗੀ ਪੀਂਘ ਦਾ ਹੁਲਾਰ
ਬਿਜਲੀਆਂ ਜਿਹੀ ਚਮਕਾਰ
ਚੇਤਨਾ ਵਿੱਚ ਸੂਹੀਆਂ ਸੁਨਹਿਰੀ
ਕਿਰਣਾਂ ਦਾ ਆਗਾਜ਼।

ਮੈਂ ਬਿਹਬਲ ਨਹੀਂ ਹਾਂ
ਸੁਰਾਂ ਦੀ ਤਲਾਸ਼ ਵਿੱਚ
ਮੈਂ ਤਾਂ ਮਹਿਸੂਸ ਕਰਨਾ ਚਾਹੁੰਦੀ ਹਾਂ
ਉਹਨਾਂ ਵਿਚਲੀ ਕੰਬਣੀ
ਜੋ ਮੇਰੇ ਜਿਸਮ ਵਿੱਚ ਝਰਨਾਹਟ ਛੇੜੇ
ਮੇਰੀ ਸੁੱਤੀ ਚੇਤਨਾ ਨੂੰ ਜ਼ੋਰ-ਜ਼ੋਰ ਨਾਲ ਝੰਜੋੜੇ
ਮਨੁੱਖਤਾ ਦਾ ਰਾਗ ਅਲਾਪੇ
ਸਭ ਸੰਸਾਰ ਮੈਨੂੰ ਆਪਣਾ-ਆਪਣਾ ਜਾਪੇ।

ਮੈਂ ਬਿਹਬਲ ਨਹੀਂ ਹਾਂ
ਵੰਨ-ਸਵੰਨੇ ਸ਼ਬਦਾਂ ਦੀ ਤਲਾਸ਼ ਵਿੱਚ
ਮੈਂ ਹਰ ਵਕਤ ਖੋਜਦੀ ਹਾਂ
ਸ਼ਬਦਾਂ ਵਿਚਲੇ ਅਰਥ
ਜੋ ਮੇਰੇ ਸਾਹਾਂ ਵਿੱਚ ਰਚ ਕੇ
ਉਤਸ਼ਾਹ ਦਾ ਪੈਗ਼ਾਮ ਬਣ ਜਾਣ
ਹਕੀਕਤਾਂ ਨਾਲ ਟਕਰਾ ਕੇ
ਨਿਰਬਲਾਂ ਦਾ ਬਲ ਬਣ ਜਾਣ

ਮਦਹੋਸ਼ ਮੌਸਮਾਂ ਵਿੱਚ ਵੀ
ਕ੍ਰਾਂਤੀ ਦੀ ਲੈਅ ਬਣ ਜਾਣ
ਮੁਖ਼ਾਲਿਫ਼ ਹਵਾਵਾਂ ਦੇ ਬਾਵਜੂਦ
ਜ਼ਿੰਦਗੀ ਦਾ ਮਕਸਦ ਸਮਝਾ ਜਾਣ।

ਮੈਂ ਬਿਹਬਲ ਨਹੀਂ ਹਾਂ
ਮਹਿਲ ਮੁਨਾਰਿਆਂ, ਮਹਿੰਗੀਆਂ ਕਾਰਾਂ ਜਾਂ
ਐਸ਼ੋ-ਇਸ਼ਰਤ ਦੀ ਤਲਾਸ਼ ਵਿੱਚ
ਮੇਰਾ ਤਾਂ ਇੱਕ ਸੁਫ਼ਨਾ ਹੈ
ਤੋੜ ਸਕਾਂ ਇਹ ਕਾਣੀ-ਵੰਡ
ਮੇਰੇ ਜਿੰਨੀ ਰਹਿਣ ਦੀ ਥਾਂ
ਮੇਰੇ ਗੁਆਂਢੀ ਕੋਲ ਵੀ ਹੋਵੇ
ਤੇ ਉਸਦੇ ਗੁਆਂਢੀ ਕੋਲ ਵੀ
ਤੇ ਉਸਦੇ ............।

ਖਾ ਸਕਣ ਸਾਰੇ ਰੱਜਵੀਂ ਰੋਟੀ
ਸੌਂ ਸਕਣ ਸਭ ਸੁੱਖ ਦੀ ਨੀਂਦ
ਸਿਰਜ ਸਕਣ ਉਹ ਵੀ
ਗੁਲਮੋਹਰ ਦੇ ਫੁੱਲਾਂ ਜਿਹੇ ਸੁਨਹਿਰੀ ਸੁਫ਼ਨੇ
ਤੁਰ ਸਕੀਏ ਅਸੀਂ ਕਦਮ ਮਿਲਾ ਕੇ
ਇੱਕ ਦੂਜੇ ਦੇ ਸੰਗ।

ਹਾਂ ਫਿਰ ਮੈਂ ਬਿਹਬਲ ਹੋਵਾਂਗੀ
ਰੰਗਾਂ, ਸ਼ਬਦਾਂ, ਸੁਰਾਂ ਤੇ
ਭਰਭੂਰ ਜ਼ਿੰਦਗੀ ਦੀ ਤਲਾਸ਼ ਵਿੱਚ
ਫਿਰ ਮੈਂ ਬਿਹਬਲ ਹੋਵਾਂਗੀ,
ਹਰਗਿਜ਼ ਬਿਹਬਲ ਹੋਵਾਂਗੀ।

## ਅਸੀਂ

ਤੁਸੀਂ ਹੰਕਾਰੀ ਸੋਚਦੇ ਹੋ
ਮੈਂ ਖ਼ਾਲੀ ਹਾਂ
ਨਿਹੱਥਾ ਹਾਂ
ਤੁਹਾਡੇ ਚੌਖਟੇ ਦੇ ਅੰਦਰ ਧੱਕਿਆ ਹਾਂ,
ਪਰ ਜਿੰਨਾ ਚਿਰ ਸਹਿਕਦਾ ਹਾਂ
ਗਿਰਝਾਂ ਦੇ ਨੋਚੇ ਖੰਭਾਂ ਨਾਲ
ਬੰਬਾਂ ਦੀ ਪੈਂਦੀ ਬਾਰਸ਼ ਹੇਠ ਵੀ
ਕੁਚਲਿਆ ਨਹੀਂ ਜਾਵਾਂਗਾ
ਮਲਬੇ ਹੇਠੋਂ ਫਿਰ ਉੱਠਾਂਗਾ।

ਦੁਨੀਆਂ ਦੇ ਚਾਰੇ ਪਾਸੇ ਨਿਗ੍ਹਾ ਮਾਰੋ
ਬੇਸ਼ੱਕ
ਮੈਂ ਘੋਗੇ ਵਿੱਚ ਬੰਦ ਹਾਂ
ਫਿਰ ਵੀ ਫੈਲ ਰਿਹਾ ਹਾਂ
ਅਮੀਬੇ ਵਾਂਗ
ਜ਼ਿੰਦਗੀ ਵਿੱਚੋਂ ਜ਼ਿੰਦਗੀ ਹੋ
ਰਹੀ ਹੈ ਪੈਦਾ
ਤਾਂ ਹੀ ਬਣ ਰਹੇ ਹਾਂ
'ਮੈਂ' ਤੋਂ 'ਅਸੀਂ'
'ਅਸੀਂ' ਬਹੁਤ ਕੁੱਝ ਹੁੰਦਾ ਹੈ
ਤੁਹਾਡੇ ਹੰਕਾਰ ਦੀ ਹੱਥਕੜੀ ਤੇ
ਮੌਤ ਦਾ ਸਮਾਨ ਵੀ।

*(ਫ਼ਲਸਤੀਨ ਦੇ ਲੋਕਾਂ ਦੇ ਨਾਂ)*

## ਪੀੜਾ ਦਾ ਅਹਿਸਾਸ

ਉਹ ਤਾਂ ਆਪਣੀ
ਸੋਝੀ ਮੁਤਾਬਕ
ਸੂਝ ਦਾ ਪੱਲਾ ਫੜ ਕੇ
ਖੜ੍ਹੀ ਸੀ
ਉਹਨਾਂ ਨਿਮਾਣੇ-ਨਿਤਾਣੇ
ਲੋਕਾਂ ਦੇ ਹੱਕ ਵਿੱਚ
ਜੋ ਯੁੱਗਾਂ ਤੋਂ ਰੇਖਾ ਦੇ
ਉਸ ਪਾਰ ਹਨ ਹਾਸ਼ੀਆ ਗ੍ਰਸਤ
ਜੋ ਤਾਹਨੇ-ਮਿਹਣੇ, ਹੁੱਜਾਂ-ਟੁੰਬਾਂ ਨਾਲ
ਤਿਰਸਕਾਰੀ ਦੀ ਜੂਨ ਹੰਢਾਉਂਦੇ
ਨਾ ਉਹ ਮਰਦੇ ਨਾ ਉਹ ਜਿਉਂਦੇ
ਪੈ ਜਾਂਦੇ ਹਨ ਡਿਪਰੈਸ਼ਨ ਜਾਂ
ਖੁਦਕੁਸ਼ੀਆਂ ਦੇ ਰਾਹ।

ਕੁੱਝ ਦਾਨਸ਼ਮੰਦ ਸਮਝ ਬੈਠੇ
ਇਹ ਸਾਧਾਰਣ ਜਿਹੀ
'ਅਸਭਿਅਕ' ਬੁੱਢੀ ਔਰਤ
ਪੰਜਾਬੀ ਸੂਟ ਪਹਿਨੀ
ਲਿਆਂਦੀ ਗਈ ਹੋਵੇਗੀ
ਚੌਂਹ ਟਕਿਆਂ ਵਿੱਚ ਖ਼੍ਰੀਦ ਕੇ
ਗਾਲ਼ਾਂ-ਦੁੱਪੜਾਂ, ਮੰਦਾ ਬੋਲ ਕੇ
ਕਰ ਸਕਦੇ ਹਨ ਉਹਦੀ ਇੱਜ਼ਤ ਦਾ ਕਚਰਾ।

ਉਹਨਾਂ ਦੀ ਭੈਂਗੀ ਨਜ਼ਰ
ਜਿਸਤੇ ਚੜ੍ਹੀ ਹੈ ਸਿਰਫ਼ ਤੇ ਸਿਰਫ਼
ਮਰਦਾਵੀਂ ਪੱਟੀ
ਜਿੱਥੇ ਔਰਤ ਵਸਤ ਹੈ

ਖ਼੍ਰੀਦੀ ਤੇ ਵੇਚੀ ਜਾਣ ਵਾਲੀ
ਜਾਂ ਗਿੱਚੀ ਪਿੱਛੇ ਮੱਤ ਦੀ ਮਾਲਕ
ਇਸ ਕੋਲ ਕਿਵੇਂ ਹੋ ਸਕਦੈ
ਇੱਕ ਜਾਗਦਾ ਸਿਰ ?

ਕਠਪੁਤਲੀਆਂ ਦਾ ਨਾਚ ਨੱਚਣ ਵਾਲੇ
ਸਮਾਜੀ ਖ਼ਤਰਨਾਕ ਪੁਤਲੇ
ਨਹੀਂ ਜਾਨਣਾ ਚਾਹੁੰਦੇ
ਔਰਤ ਵਿਚਲਾ ਇਨਸਾਨ
ਉਸਦੀ ਸੂਝ
ਉਸਦਾ ਆਪਣਾ ਅਸਤਿਤਵ
ਤੇ ਉਸਦੀ ਅਜ਼ਾਦ ਸੋਚ।

ਇਹ 'ਸਭਿਅਕ' ਲੋਕ ਕਿਵੇਂ ਪਰਖ਼ਣਗੇ
ਆਪਣੀ ਬੁੱਧੀ ਦੀ ਕਸੌਟੀ 'ਤੇ
ਕਿਵੇਂ ਕਰਨਗੇ ਪੀੜਾ ਦਾ ਅਹਿਸਾਸ
ਉਹਨਾਂ ਬੇਕਸੂਰ ਇਨਸਾਨਾਂ ਦੇ
ਇਨਸਾਨੀ ਜਜ਼ਬੇ ਨੂੰ
ਸੱਧਰਾਂ ਨਾਲ ਉਣੇ
ਸੁਨਹਿਰੀ ਸੁਪਨਿਆਂ ਨੂੰ
ਕਿਵੇਂ ਕਰ ਸਕਦੇ ਨੇ ਮਹਿਸੂਸ।

ਉਹਨਾਂ ਦੇ ਪਾਟੇ ਦਿਲਾਂ ਦਾ ਦਰਦ
ਪੀੜਾ ਵਿੱਚ ਲਪੇਟੀਆਂ
ਬੇਅਵਾਜ਼ ਚੀਕਾਂ, ਡਰ ਦੇ ਪਰਛਾਂਵੇ
ਜੋ ਮੰਡਰਾਉਂਦੇ ਹਨ
ਆਲ਼ੇ ਦੁਆਲ਼ੇ, ਚੱਤੋ-ਪਹਿਰ
ਸੀਨਿਆਂ ਵਿੱਚ ਮੱਚਦੇ ਰੋਹ ਦੇ ਭਾਂਬੜ
ਮਨਾਂ ਵਿੱਚ ਸੁਲ਼ਘਦੀ ਪ੍ਰੇਸ਼ਾਨੀ
ਜੋ ਦਿੱਤੀ ਹੈ ਇਸ ਸਮਾਜ ਨੇ
ਹਰ ਪਲ, ਹਰ ਘੜੀ, ਹਰ ਦਿਨ
ਹਰ ਜ਼ਿੰਦਗੀ ਦੇ ਮੋੜ 'ਤੇ।

ਹੁਣ ਬਣ ਰਹੇ ਹਨ
ਉਹਨਾਂ ਦੇ ਬੋਲ
ਨਾਬਰ, ਨਿਡਰ ਅਵਾਜ਼
"ਅਸੀਂ ਬੇਕਸੂਰ ਇਨਸਾਨ ਹਾਂ
ਅਸੀਂ ਜਿਉਣਾ ਚਾਹੁੰਦੇ ਹਾਂ
ਹੱਕ ਤੇ ਸੱਚ ਨਾਲ਼
ਮਨੁੱਖਤਾ ਦੇ ਦਾਅਵੇ ਨਾਲ਼"
ਇਸ ਲਈ ਉਹ ਵੀ
ਖੜ੍ਹੀ ਹੈ ਹਮੇਸ਼ਾਂ ਲਈ
ਉਹਨਾਂ ਦੇ ਨਾਲ਼।

*(ਹੋਰ ਲਿੰਗਕ ਪਛਾਣਾਂ ਵਾਲੇ ਵਿਅਕਤੀਆਂ ਦੇ ਨਾਂ)*

## ਮੋਹ-ਭਿੱਜੀ ਫੁਲਕਾਰੀ

ਮੇਰਾ ਇੱਥੇ ਵਸਣਾ,
ਮਹਿਜ਼ ਇਤਫ਼ਾਕ ਨਹੀਂ ਸੀ
ਖਿੱਚ ਲਿਆਈਆਂ ਸਨ
ਕੁੱਝ ਮਜ਼ਬੂਰ ਤੰਦਾਂ
ਭਵਿੱਖਤ ਸੁਪਨੇ,
ਰੁਜ਼ਗਾਰ, ਬਿਹਤਰ ਜ਼ਿੰਦਗੀ
ਜਦੋਂ ਜੜੋਂ ਵਿਹੂਣੀ ਟੁੱਟਣ ਲੱਗੀ ਤਾਂ
ਮੇਰੇ ਸ਼ਹਿਰ ਦੇ ਬਹੁ-ਸਭਿਆਚਾਰੀ
ਬੇਸ਼-ਕੀਮਤੀ
ਬਹੁ-ਰੰਗੀ ਤੰਦਾਂ ਨੇ
ਲਪੇਟ ਲਿਆ
ਮੋਹ ਭਿੱਜੀ ਫੁਲਕਾਰੀ ਵਿੱਚ
ਤੇ ਮੈਂ ਸਦਾ ਲਈ ਇਥੋਂ ਦੀ ਹੋ ਗਈ।

*(ਇਹ ਕਵਿਤਾ ਸਰ੍ਹੀ ਸਿਟੀ ਵਲੋਂ ਅਪਰੈਲ, 2021 ਵਿੱਚ ਸਰਵੋਤਮ ਕਵਿਤਾ ਵਜੋਂ ਚੁਣੀ ਗਈ ਸੀ, ਜਿਸਨੂੰ ਸਰ੍ਹੀ ਦੇ ਕਿਸੇ ਪਾਰਕ ਵਿੱਚ ਪੰਜਾਬੀ ਤੇ ਅੰਗਰੇਜ਼ੀ ਵਿੱਚ ਕਿਸੇ ਪਲੈਕ ਜਾਂ ਪੱਥਰ ਤੇ ਲਿਖ ਕੇ ਲੋਕਾਂ ਦੇ ਪੜ੍ਹਨ ਲਈ ਰੱਖਿਆ ਜਾਵੇਗਾ ਤੇ ਇਸ ਲਈ ਦੋ ਸੌ ਡਾਲਰ ਦਾ ਇਨਾਮ ਵੀ ਦਿੱਤਾ ਗਿਆ ਸੀ।)*